ਕੈਨੇਡੀਅਨ
# ਪੰਜਾਬੀ ਪੋਸਟ

Award winning news paper | Canadian Punjabi Post

To view our online newspaper visit punjabipost.ca/epaper | Vol 20*Issue100 | Thursday, May 20, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steeles Ave. W. Unit 11, Etobicoke, ON


## 2000 ਵਾਧੂ ਵੈਂਟੀਲੇਟਰਜ਼ ਭਾਰਤ ਭੇਜ ਰਹੀ ਹੈ ਓਨਟਾਰੀਓ ਸਰਕਾਰ : ਟਾਂਗਰੀ

ਟੋਰਾਂਟੋ, 19 ਮਈ (ਪੋਸਟ ਬਿਊਰੋ) : ਕੋਵਿਡ-19 ਦੀ ਤੀਜੀ ਵੇਵ ਕਾਰਨ ਦੁਨੀਆ ਭਰ ਦੇ ਕਈ ਦੇਸ਼ਾਂ ਸਾਹਮਣੇ ਨਵੀਆਂ ਚੁਣੌਤੀਆਂ ਮੂੰਹ ਅੱਡੀ ਖੜ੍ਹੀਆਂ ਹਨ। ਸਾਡੀ ਸਰਕਾਰ ਦੇ ਅਖ਼ਤਿਆਰ ਵਿੱਚ ਜੋ ਵੀ ਹੈ ਉਹ ਕਰਨ ਲਈ ਪੂਰਾ ਜ਼ੋਰ ਲਾ ਰਹੀ ਹੈ। ਇਹ ਸੱਭ ਅਸੀਂ ਭਾਰਤ ਸਥਿਤ ਆਪਣੇ ਦੋਸਤਾਂ ਦੀ ਮਦਦ ਕਰਨ ਲਈ ਕਰ ਰਹੇ ਹਾਂ।

ਮਿਸੀਸਾਗਾ-ਸਟਰੀਟਸਵਿੱਲ ਤੋਂ ਐਮ ਪੀ ਪੀ ਨੀਨਾ ਟਾਂਗਰੀ ਨੇ ਆਖਿਆ ਕਿ ਜਦੋਂ ਅਸੀਂ ਆਪਣੇ ਹਸਪਤਾਲਾਂ ਤੇ ਇੰਟੈਂਸਿਵ ਕੇਅਰ ਯੂਨਿਟਸ ਵੱਲ ਨਜ਼ਰ ਮਾਰਦੇ ਹਾਂ ਤਾ ਸਾਨੂੰ ਇਸ ਗੱਲ ਉੱਤੇ ਪੂਰਾ ਮਾਣ ਹੁੰਦਾ ਹੈ ਕਿ ਸਾਡੇ ਕੋਲ ਸੱਭ ਕੁੱਝ ਹੈ ਤੇ ਸਾਡੀ ਐਨੀ ਸਮਰੱਥਾ ਵੀ ਹੈ ਕਿ ਅਸੀਂ ਭਾਰਤ ਵਰਗੇ ਆਪਣੇ ਦੋਸਤ ਮੁਲਕ ਦੀ ਮਦਦ ਲਈ ਜੋ ਬਣ ਸਕਦਾ ਹੈ ਕਰੀਏ। ਇਸੇ ਲਈ ਸਾਡੀ ਸਰਕਾਰ ਨੇ ਬਰੈਂਪਟਨ ਵਿੱਚ ਓ-ਟੂ ਮੈਡੀਕਲ ਟੈਕਨਾਲੋਜੀਜ਼ ਵੱਲੋਂ ਤਿਆਰ 2000 ਵਾਧੂ ਵੈਂਟੀਲੇਟਰਜ਼ ਭਾਰਤ ਭੇਜਣ ਦਾ ਫੈਸਲਾ ਕੀਤਾ ਹੈ। ਇਹ ਉਪਰਾਲਾ ਭਾਰਤ ਦੀਆਂ ਮੈਡੀਕਲ ਲੋੜਾਂ ਨੂੰ ਫੌਰੀ ਪੂਰਾ ਕਰਨ ਲਈ ਕੀਤਾ ਜਾ ਰਿਹਾ ਹੈ। ਇਨ੍ਹਾਂ ਵੈਂਟੀਲੇਟਰਜ਼ ਨੂੰ ਇੰਡੀਅਨ ਰੈੱਡ ਕਰੌਸ ਤੇ ਟੋਰਾਂਟੋ ਸਥਿਤ ਕਾਊਂਸਲ ਜਨਰਲ ਆਫ ਇੰਡੀਆ ਅਪੂਰਵ ਸ਼੍ਰੀਵਾਸਤਵ ਨਾਲ ਸਲਾਹ ਕਰਨ ਤੋਂ ਬਾਅਦ ਲੋੜਵੰਦਾਂ ਨੂੰ ਵੰਡਿਆ ਜਾਵੇਗਾ। ਇਹ ਮਦਦ ਸਾਡੀ ਸਰਕਾਰ ਵੱਲੋਂ ਪਹਿਲਾਂ 3000 ਵੈਂਟੀਲੇਟਰਜ਼ ਦੀ ਕੀਤੀ ਗਈ ਮਦਦ ਤੋਂ ਵੱਖਰੀ ਹੈ। ਇਹ ਵੈਂਟੀਲੇਟਰ ਇਸ ਹਫਤੇ ਭਾਰਤ ਪਹੁੰਚਣੇ ਸ਼ੁਰੂ ਹੋ ਜਾਣਗੇ। ਸਾਡੀ ਸਰਕਾਰ ਹੋਰ ਮੈਡੀਕਲ ਇਕਿਉਪਮੈਂਟ, ਜੋ ਕਿ ਪ੍ਰਾਈਵੇਟ ਸੈਕਟਰਾਂ ਤੇ ਕਮਿਊਨਿਟੀ ਆਰਗੇਨਾਈਜ਼ੇਸ਼ਨਜ਼ ਵੱਲੋਂ ਡੋਨੇਟ ਕੀਤੇ ਗਏ ਹਨ, ਟਰਾਂਸਪੋਰਟ ਕਰਨ ਵਿੱਚ ਵੀ ਮਦਦ ਕਰ ਰਹੀ ਹੈ।

ਉਨ੍ਹਾਂ ਆਖਿਆ ਕਿ ਇਹ ਵੈਂਟੀਲੇਟਰ ਤੇ ਚਿਰਾਂ ਤੋਂ ਲੋੜੀਂਦੀਆਂ ਮੈਡੀਕਲ ਸਪਲਾਈਜ਼ ਨਾਲ ਭਾਰਤ ਦੇ ਲੋਕਾਂ ਦੀ ਮਦਦ ਯਕੀਨਨ ਹੋਵੇਗੀ। ਇਸ ਲੋੜ ਦੀ ਘੜੀ ਵਿੱਚ ਅਸੀਂ ਭਾਰਤ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਾਂ।

## ਵੈਕਸੀਨੇਸ਼ਨ ਲਈ ਅਮਰੀਕਾ ਜਾਣ ਵਾਲਿਆਂ ਨੂੰ ਯੂ ਐਸ ਬਾਰਡਰ ਏਜੰਸੀ ਵਲੋਂ ਬੈਰੰਗ ਮੋੜਨ ਉਤੇ ਕੈਨੇਡੀਅਨ ਭੰਬਲਭੂਸੇ ਵਿਚ

ਟੋਰਾਂਟੋ, 19 ਮਈ (ਪੋਸਟ ਬਿਊਰੋ) : ਕੋਵਿਡ-19 ਵੈਕਸੀਨ ਦਾ ਟੀਕਾ ਲਵਾਉਣ ਦੇ ਇਰਾਦੇ ਨਾਲ ਸਰਹੱਦ ਪਾਰ ਕਰਨ ਵਾਲੇ ਕੈਨੇਡੀਅਨਾਂ ਨੂੰ ਅਮਰੀਕੀ ਅਧਿਕਾਰੀਆਂ ਵੱਲੋਂ ਬੈਰੰਗ ਮੋੜਿਆ ਜਾ ਰਿਹਾ ਹੈ। ਇਹ ਜਾਣਕਾਰੀ ਯੂਐਸ ਕਸਟਮਜ ਐਂਡ ਬਾਰਡਰ ਪ੍ਰੋਟੈਕਸਨ (ਸੀ ਬੀ ਪੀ) ਵੱਲੋਂ ਦਿੱਤੀ ਗਈ।

ਬੁੱਧਵਾਰ ਨੂੰ ਜਾਰੀ ਇੱਕ ਬਿਆਨ ਵਿੱਚ ਸੀ ਬੀ ਪੀ ਦੇ ਬੁਲਾਰੇ ਨੇ ਆਖਿਆ ਕਿ ਕੈਨੇਡੀਅਨ ਯੂਐਸ ਸਰਹੱਦ ਸਿਰਫ ਅਸੈਂਸ਼ੀਅਲ ਟਰੈਵਲ ਲਈ ਹੀ ਖੁੱਲ੍ਹਾ ਹੈ। ਉਨ੍ਹਾਂ ਆਖਿਆ ਕਿ ਮਾਰਚ 2020 ਤੋਂ ਇੱਥੇ ਗੈਰ ਜ਼ਰੂਰੀ ਟਰੈਵਲ ਉੱਤੇ ਪਾਬੰਦੀਆਂ ਲੱਗੀਆਂ ਹੋਈਆਂ ਹਨ। ਉਨ੍ਹਾਂ ਇਹ ਵੀ ਆਖਿਆ ਕਿ ਮੌਜੂਦਾ ਪਾਬੰਦੀਆਂ ਦੇ ਚੱਲਦਿਆਂ ਸਿਰਫ ਵੈਕਸੀਨੇਸ਼ਨ ਲਈ ਲੋਕਾਂ ਨੂੰ ਟਰੈਵਲ ਦੀ ਇਜਾਜ਼ਤ ਦੇਣ ਦਾ ਹੁਕਮ ਨਹੀਂ ਹੈ।

ਬੁਲਾਰੇ ਨੇ ਇਹ ਵੀ ਆਖਿਆ ਕਿ ਜੇ ਕੋਈ ਵਿਅਕਤੀ ਜਾਇਜ਼ ਟਰੈਵਲ ਕਾਰਨ ਕਰਕੇ ਅਮਰੀਕਾ ਵਿੱਚ ਦਾਖਲ ਹੁੰਦਾ ਹੈ ਤਾਂ ਉਹ ਆਪਣੇ ਟਰਿੱਪ ਦੇ ਮੱਦੇਨਜ਼ਰ ਇੱਥੇ ਵੈਕਸੀਨੇਸ਼ਨ ਕਰਵਾ ਸਕਦਾ ਹੈ। ਪਰ ਹਰ ਕਿਸੇ ਨੂੰ ਸਿਰਫ ਵੈਕਸੀਨੇਸ਼ਨ ਲਈ ਇੱਧਰ ਆਉਣ ਦੀ ਇਜਾਜ਼ਤ ਨਹੀਂ ਹੈ। ਅਮਰੀਕੀ ਬਾਰਡਰ ਏਜੰਸੀ ਵੱਲੋਂ ਦਿੱਤੇ ਗਏ ਇਸ ਤਰ੍ਹਾਂ ਦੇ ਬਿਆਨ ਨਾਲ ਕੈਨੇਡੀਅਨ ਭੰਬਲਭੂਸੇ ਵਿੱਚ ਹਨ ਕਿਉਂਕਿ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ (ਪੀ ਐਚ ਏ ਸੀ) ਨੇ



ਬੀਤੇ ਦਿਨੀਂ ਇਹ ਆਖਿਆ ਸੀ ਕਿ ਕੁੱਝ ਹਾਲਾਤ ਵਿੱਚ ਇਸ ਨੂੰ ਅਸੈਂਸ਼ੀਅਲ ਮੈਡੀਕਲ ਸਰਵਿਸ ਮੰਨਿਆ ਜਾ ਸਕਦਾ ਹੈ। ਇਹ ਵੀ ਆਖਿਆ ਗਿਆ ਸੀ ਕਿ ਅਜਿਹਾ ਕਰਨ ਨਾਲ ਟਰੈਵਲਰ ਨੂੰ ਕੈਨੇਡਾ ਪਰਤਣ ਉੱਤੇ 14 ਦਿਨ ਤੱਕ ਕੁਆਰਨਟੀਨ ਕੀਤੇ ਜਾਣ ਤੋਂ ਛੋਟ ਮਿਲ ਸਕਦੀ ਹੈ।

ਇਨ੍ਹਾਂ ਹਾਲਾਤ ਵਿੱਚ ਕੈਨੇਡਾ ਦੇ ਕਿਸੇ ਲਾਇਸੰਸਸ਼ੁਦਾ ਹੈਲਥ ਕੇਅਰ ਪ੍ਰੋਵਾਈਡਰ ਵੱਲੋਂ ਇਸ ਗੱਲ ਦਾ ਲਿਖਤੀ ਸਬੂਤ ਪੇਸ਼ ਕੀਤਾ ਜਾ ਸਕਦਾ ਹੈ ਕਿ ਸਬੰਧਤ ਵਿਅਕਤੀ ਨੂੰ ਕੈਨੇਡਾ ਤੋਂ ਬਾਹਰ ਮੈਡੀਕਲ ਸੇਵਾਵਾਂ ਜਾਂ ਇਲਾਜ ਦੀ ਲੋੜ ਹੈ ਫਿਰ ਅਮਰੀਕਾ ਦੇ ਕਿਸੇ ਲਾਇਸੰਸਸ਼ੁਦਾ ਹੈਲਥ ਕੇਅਰ ਪ੍ਰੋਵਾਈਡਰ ਵੱਲੋਂ ਇਹ ਵੀ ਲਿਖਤੀ ਸਬੂਤ ਭੇਜਿਆ ਜਾਵੇ ਕਿ ਸਬੰਧ ਵਿਅਕਤੀ ਨੂੰ ਮੈਡੀਕਲ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ। ਟਰੈਵਲਰ ਨੂੰ ਆਪਣੇ ਨਿਜੀ ਵਾਹਨ ਵਿੱਚ ਟਰੈਵਲ ਕਰਨਾ ਹੋਵੇਗਾ ਤੇ ਉਹ ਆਪਣੇ ਨਾਲ ਸਿਰਫ ਇੱਕ ਹੋਰ ਵਿਅਕਤੀ ਨੂੰ ਹੀ ਮਦਦ ਲਈ ਲਿਜਾ ਸਕਦਾ ਹੈ। ਇਸ ਟਰੈਵਲ ਦੌਰਾਨ ਉਹ ਕਿਤੇ ਹੋਰ ਨਹੀਂ ਰੁਕੇਗਾ।

## ਪਾਰਕ ਵਿੱਚ ਰਹਿ ਰਹੇ ਬੇਘਰ ਲੋਕਾਂ ਦੇ ਡੇਰਿਆਂ ਨੂੰ ਹਟਾਉਣ ਗਈ ਪੁਲਿਸ ਤੇ ਲੋਕਾਂ ਦਰਮਿਆਨ ਹੋਈ ਝੜਪ

ਟੋਰਾਂਟੋ, 19 ਮਈ (ਪੋਸਟ ਬਿਊਰੋ) : ਸਿਟੀ ਆਫ ਟੋਰਾਂਟੋ ਵੱਲੋਂ ਹੋਮਲੈੱਸ ਲੋਕਾਂ ਦੇ ਡੇਰਿਆਂ ਨੂੰ ਹਟਾਉਣ ਕਾਰਨ ਪੁਲਿਸ ਤੇ ਰੈਜ਼ੀਡੈਂਟਸ ਦਰਮਿਆਨ ਝੜਪ ਹੋ ਗਈ।

ਜਿਹੜੇ ਬੇਘਰ ਲੋਕ ਲੈਂਪੋਰਟ ਸਟੇਡੀਅਮ ਪਾਰਕ ਵਾਲੀ ਸਾਈਟ ਉੱਤੇ ਟੈਂਟਾਂ ਵਿੱਚ ਰਹਿ ਰਹੇ ਸਨ, ਉਹ ਆਪਣੇ ਸਮਰਥਕਾਂ ਨਾਲ ਪੁਲਿਸ ਅਧਿਕਾਰੀਆਂ ਉੱਤੇ ਚੀਕਦੇ ਵੇਖੇ ਗਏ ਤੇ ਅੱਗੋਂ ਪੁਲਿਸ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਧਮਕੀ ਦਿੱਤੀ ਗਈ। ਇੱਥੋਂ ਪੁਲਿਸ ਵੱਲੋਂ ਜਦੋਂ ਬੇਘਰ ਲੋਕਾਂ ਦੇ ਟੈਂਟ ਹਟਾਉਣ ਦੀ ਕੋਸ਼ਿਸ਼ ਸ਼ੁਰੂ ਕੀਤੀ ਤਾਂ ਉਨ੍ਹਾਂ ਨੂੰ ਰੋਕਣ ਲਈ ਕਈ ਲੋਕ ਇੱਥੇ ਪਹੁੰਚ ਗਏ। ਪੁਲਿਸ ਅਧਿਕਾਰੀਆਂ ਵੱਲੋ ਵੀ ਲੋਕਾਂ ਨਾਲ ਸਖ਼ਤੀ ਕੀਤੀ ਗਈ।

ਇਸ ਪਾਰਕ ਵਿੱਚ ਬੇਘਰ ਲੋਕਾਂ ਵੱਲੋਂ ਲਾਏ ਡੇਰਿਆਂ ਨੂੰ ਚੁੱਕਣ ਲਈ ਟੋਰਾਂਟੋ ਸਕਿਊਰਿਟੀ ਆਫੀਸਰਜ਼ ਵੱਡੀ ਗਿਣਤੀ ਵਿੱਚ ਇੱਥੇ ਪਹੁੰਚੇ। ਟੋਰਾਂਟੋ ਪੁਲਿਸ ਕਾਂਸਟੇਬਲ ਡੇਵਿਡ ਹੌਪਕਿੰਨਜ਼ ਨੇ ਦੱਸਿਆ ਕਿ ਇਸ ਦੌਰਾਨ ਕੁੱਝ ਲੋਕਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ। ਇੱਕ ਪੁਲਿਸ ਅਧਿਕਾਰੀ ਉੱਤੇ ਹਮਲਾ ਕਰਨ ਵਾਲੇ ਵਿਅਕਤੀ ਨੂੰ ਵੀ ਗ੍ਰਿਫਤਾਰ ਕੀਤਾ



ਗਿਆ। ਇਨ੍ਹਾਂ ਵਿੱਚੋਂ ਵੀ ਬਹੁਤਿਆਂ ਨੂੰ ਟਰੈੱਸਪਾਸਿੰਗ ਲਈ ਗ੍ਰਿਫਤਾਰ ਕੀਤਾ ਗਿਆ ਪਰ ਡੇਰਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਹਿਰਾਸਤ ਵਿੱਚ ਨਹੀਂ ਲਿਆ ਗਿਆ। ਹੌਪਕਿੰਸਨ ਨੇ ਆਖਿਆ ਕਿ ਦੋ ਪੁਲਿਸ ਅਧਿਕਾਰੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਤੇ ਮੌਕੇ ਉੱਤੇ ਹੀ ਉਨ੍ਹਾਂ ਦਾ ਇਲਾਜ ਵੀ ਕਰ ਦਿੱਤਾ ਗਿਆ।

ਡੇਰਿਆਂ ਵਿੱਚ ਰਹਿ ਰਹੇ ਲੋਕਾਂ ਤੇ ਸਮਾਜਕ ਕਾਰਕੁੰਨਾਂ ਨੇ ਡੇਰਿਆਂ ਨੂੰ ਹਟਾਉਣ ਦਾ ਵਿਰੋਧ ਕੀਤਾ ਤੇ ਸਕਿਊਰਿਟੀ ਆਫੀਸਰਜ਼ ਵੱਲੋਂ ਕੌਸ਼ਨ ਲਈ ਲਾਈ ਗਈ ਟੇਪ ਵੀ ਉਤਾਰ ਦਿੱਤੀ। ਇੱਕ ਮਹਿਲਾ, ਜਿਸ ਨੇ ਇਹ ਮੰਨਿਆ ਸੀ ਕਿ ਉਹ ਹੋਟਲ ਵਿੱਚ ਰਹਿਣ ਚਲੀ ਜਾਵੇਗੀ, ਦਾ ਟੈਂਟ ਹਟਾਉਣ ਲਈ 20 ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਸਨ ਪਰ ਉੱਥੇ ਰਹਿਣ ਵਾਲੇ ਕਈ ਹੋਰ ਲੋਕਾਂ ਨੇ ਆਖਿਆ ਕਿ ਉਹ ਇੱਥੋਂ ਨਹੀਂ ਜਾਣਾ ਚਾਹੁੰਦੇ। ਸਿਟੀ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਪਾਰਕਾਂ ਵਿੱਚ ਡੇਰੇ ਲਾਉਣਾ ਸੇਫ ਨਹੀਂ ਹੈ ਤੇ ਇਸ ਦੀ ਇਜਾਜ਼ਤ ਵੀ ਨਹੀਂ ਹੈ।

ਇੱਕ ਈ ਮੇਲ ਵਿੱਚ ਬੁਲਾਰੇ ਬ੍ਰੈਡ ਰੌਸ ਨੇ ਆਖਿਆ ਕਿ ਪਿਛਲੇ ਹਫਤੇ ਇੱਥੇ ਲਾਏ ਗਏ ਟਰੈੱਸਪਾਸਿੰਗ ਦੇ ਨੋਟਿਸ ਨੂੰ ਲਾਗੂ ਕਰਵਾਉਣ ਦੀ ਹੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਉਨ੍ਹਾਂ ਦੱਸਿਆ ਕਿ ਸਾਰੇ ਰੈਜ਼ੀਡੈਂਟਸ ਨੂੰ ਸੇਫ, ਸ਼ੈਲਟਰ ਜਾਂ ਹੋਟਲ ਦੇ ਕਮਰੇ ਵਿੱਚ ਰਹਿਣ ਦੀ ਪੇਸ਼ਕਸ਼ ਕੀਤੀ ਗਈ ਸੀ, ਜਿੱਥੇ ਮੀਲ, ਲਾਂਡਰੀ, ਸ਼ਾਵਰ ਤੇ ਮੈਡੀਕਲ ਸਹਿਯੋਗ ਆਦਿ ਦਿੱਤਾ ਜਾਣਾ ਸੀ, ਪਰ ਰੈਜ਼ੀਡੈਂਟਸ ਵੱਲੋਂ ਇਸ ਪੇਸ਼ਕਸ਼ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਗਿਆ।

ਇਸ ਘਟਨਾ ਬਾਰੇ ਮੇਅਰ ਜੌਹਨ ਟੋਰੀ ਨੇ ਆਖਿਆ ਕਿ ਪੁਲਿਸ ਅਧਿਕਾਰੀਆਂ ਉੱਤੇ ਹਮਲਾ ਕੀਤੇ ਜਾਣ ਦੀ ਖਬਰ ਸੁਣ ਕੇ ਉਹ ਕਾਫੀ ਪਰੇਸ਼ਾਨ ਹਨ ਤੇ ਬਹੁਤ ਵਾਰੀ ਇਹ ਆਖ ਚੁੱਕੇ ਹਨ ਕਿ ਇਸ ਤਰ੍ਹਾਂ ਡੇਰਿਆਂ ਵਿੱਚ ਰਹਿਣਾ ਬਹੁਤ ਹੀ ਅਸੁਰੱਖਿਅਤ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਪਤਾ ਲੱਗਿਆ ਸੀ ਕਿ ਇੱਥੇ 15 ਲੋਕ ਰਹਿੰਦੇ ਹਨ ਤੇ ਇਨ੍ਹਾਂ ਵਿੱਚੋਂ ਕਈਆਂ ਉੱਤੇ ਬੋਤਲਾਂ ਤੇ ਪੱਥਰ ਸੁੱਟਣ ਦਾ ਵੀ ਦੋਸ਼ ਹੈ।

## ਘਰ ਵਿੱਚ ਦਾਖਲ ਹੋ ਕੇ 50 ਸਾਲਾ ਮਹਿਲਾ ਨੂੰ ਮਾਰੀ ਗੋਲੀ

ਬਰੈਂਪਟਨ, 19 ਮਈ (ਪੋਸਟ ਬਿਊਰੋ) : ਬਰੈਂਪਟਨ ਦੇ ਇੱਕ ਘਰ ਵਿੱਚ ਗੋਲੀ ਮਾਰੇ ਜਾਣ ਤੋਂ ਬਾਅਦ ਇੱਕ 50 ਸਾਲਾ ਮਹਿਲਾ ਨੂੰ ਹਸਪਤਾਲ ਲਿਜਾਇਆ ਗਿਆ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ।

ਇਸ ਘਟਨਾ ਦਾ ਪਤਾ ਲੱਗਣ ਉੱਤੇ ਰਾਤੀਂ 7:30 ਵਜੇ ਗੋਰ ਰੋਡ ਤੇ ਡੌਨ ਮਿਨੈਕਰ ਡਰਾਈਵ ਉੱਤੇ ਪੁਲਿਸ ਪਹੁੰਚੀ। ਮਹਿਲਾ ਦੀ ਹਾਲਤ ਕਾਫੀ ਨਾਜ਼ੁਕ ਸੀ ਤੇ ਉਸ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ। ਬਾਅਦ ਵਿੱਚ ਪੁਲਿਸ ਨੇ ਦੱਸਿਆ ਕਿ ਮਹਿਲਾ ਦੀ ਹਾਲਤ ਸਥਿਰ ਹੈ। ਪੁਲਿਸ ਨੇ ਦੱਸਿਆ ਕਿ ਸ਼ੂਟਿੰਗ ਤੋਂ ਪਹਿਲਾਂ ਦੋ ਮਸ਼ਕੂਕ ਘਰ ਦੇ ਬਾਹਰ ਵੀ ਨਜ਼ਰ ਆਏ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਘਰ ਵਿੱਚੋਂ ਹੀ



ਕਿਸੇ ਵਿਅਕਤੀ ਨੇ ਸਾਹਮਣੇ ਵਾਲਾ ਦਰਵਾਜ਼ਾ ਖੋਲ੍ਹਿਆ ਤੇ ਫਿਰ ਉਸ ਮਹਿਲਾ ਉੱਤੇ ਗੋਲੀ ਚਲਾਈ ਗਈ।

ਪੁਲਿਸ ਨੇ ਦੱਸਿਆ ਕਿ ਘਰ ਵਿੱਚ ਹੋਰ ਲੋਕ ਵੀ ਸਨ ਪਰ ਕੋਈ ਹੋਰ ਜ਼ਖ਼ਮੀ ਨਹੀਂ ਹੋਇਆ। ਸ਼ੂਟਿੰਗ ਤੋਂ ਬਾਅਦ ਕਾਲੇ ਰੰਗ ਦੀ ਗੱਡੀ ਨੂੰ ਇਲਾਕੇ ਵਿੱਚੋਂ ਬਾਹਰ ਜਾਂਦਿਆਂ ਵੇਖਿਆ ਗਿਆ।

## ਫਰੰਟਲਾਈਨ ਵਰਕਰਜ਼ ਲਈ 1 ਮਿਲੀਅਨ ਇੱਕਠਾ ਕਰਨ ਵਾਸਤੇ ਓਸਲਰ ਫਾਊਂਡੇਸ਼ਨ ਨੇ ਲਾਂਚ ਕੀਤਾ ਕੰਪੈਸ਼ਨ ਫੰਡ

ਬਰੈਂਪਟਨ, 19 ਮਈ (ਪੋਸਟ ਬਿਊਰੋ) : ਕੋਵਿਡ-19 ਦਾ ਖਤਰਾ ਅਜੇ ਵੀ ਪੀਲ ਰੀਜਨ ਉੱਤੇ ਮੰਡਰਾ ਰਿਹਾ ਹੈ ਤੇ ਇਸ ਦੌਰਾਨ ਫਰੰਟਲਾਈਨ ਹੈਲਥ ਕੇਅਰ ਵਰਕਰਜ਼ ਇਸ ਮਹਾਂਮਾਰੀ ਦੌਰਾਨ ਮਰੀਜ਼ਾਂ ਦੀ ਦੇਖਭਾਲ ਕਰਦਿਆਂ ਹੋਇਆਂ ਸਰੀਰਕ ਤੇ ਇਮੋਸ਼ਨਲ ਸੰਕਟ ਵਿੱਚੋਂ ਲੰਘ ਰਹੇ ਹਨ। ਇੱਕ ਸਾਲ ਤੋਂ ਵੀ ਵੱਧ ਦਾ ਸਮਾਂ ਹੋ ਗਿਆ ਹੈ ਜਦੋਂ ਤੋਂ ਵਿਲੀਅਮ ਓਸਲਰ ਹੈਲਥ ਸਿਸਟਮ (ਓਸਲਰ) ਦੇ ਸਟਾਫ, ਡਾਕਟਰ ਤੇ ਵਾਲੰਟੀਅਰ ਕੈਨੇਡਾ ਦੀਆਂ ਸੱਭ ਤੋਂ ਵੱਧ ਪ੍ਰਭਾਵਿਤ ਕਮਿਊਨਿਟੀਜ਼ ਦੀ ਸਾਂਭ ਸੰਭਾਲ ਕਰਨ ਵਿੱਚ ਰੁੱਝੇ ਹੋਏ ਹਨ। ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸ਼ਨ (ਓਸਲਰ ਫਾਊਂਡੇਸ਼ਨ) ਵੱਲੋਂ ਕੰਪੈਸ਼ਨ ਫੰਡ ਸ਼ੁਰੂ ਕੀਤਾ ਗਿਆ ਹੈ। ਇਸ ਤਹਿਤ ਓਸਲਰ ਦੀਆਂ ਤਿੰਨ ਹਸਪਤਾਲ ਸਾਈਟਸ-ਬਰੈਂਪਟਨ ਸਿਵਿਕ ਹਸਪਤਾਲ, ਇਟੋਬੀਕੋ ਜਨਰਲ ਹੌਸਪਿਟਲ ਤੇ ਪੀਲ ਮੈਮੋਰੀਅਲ ਸੈਂਟਰ ਫੌਰ ਇੰਟੇਗ੍ਰੇਟਿਡ ਹੈਲਥ ਐਂਡ ਵੈੱਲਨੈੱਸ ਹਸਪਤਾਲਾਂ ਵਿੱਚ ਸਟਾਫ, ਡਾਕਟਰਾਂ ਤੇ ਵਾਲੰਟੀਅਰਜ਼ ਦੀ ਸਿਹਤ ਸੰਭਾਲ ਤੇ ਹੋਰਨਾਂ ਲੋੜਾਂ ਨੂੰ ਪੂਰਾ ਕਰਨ ਲਈ ਕੰਪੈਸ਼ਨ ਫੰਡ ਲਾਂਚ ਕੀਤਾ ਗਿਆ ਹੈ ਜਿਸ ਤਹਿਤ 1 ਮਿਲੀਅਨ ਡਾਲਰ ਇੱਕਠੇ ਕੀਤੇ ਜਾਣ ਦੀ ਸੰਭਾਵਨਾ ਹੈ।



ਓਸਲਰ ਫਾਊਂਡੇਸ਼ਨ ਦੇ ਪ੍ਰੈਜ਼ੀਡੈਂਟ ਤੇ ਸੀਈਓ ਕੈਨ ਮੇਅਹਿਊ ਨੇ ਆਖਿਆ ਕਿ ਸਾਡੇ ਫਰੰਟ ਲਾਈਨ ਵਰਕਰਜ਼ ਇਸ ਮੁਸ਼ਕਲ ਵੇਲੇ ਵਿੱਚ ਮਰੀਜ਼ਾਂ ਦੇ ਪਰਿਵਾਰਕ ਮੈਂਬਰਾਂ ਦੀ ਭੂਮਿਕਾ ਵੀ ਨਿਭਾਉਂਦੇ ਹਨ, ਉਨ੍ਹਾਂ ਦੀ ਸਾਂਭ ਸੰਭਾਲ ਕਰਦੇ ਹਨ ਤੇ ਆਖਰੀ ਸਮੇਂ ਵਿੱਚ ਜਦੋਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਉਨ੍ਹਾਂ ਦੇ ਨਾਲ ਨਹੀਂ ਹੁੰਦੇ ਉਹ ਆਪ ਰਹਿੰਦੇ ਹਨ। ਬਿਨਾਂ ਸ਼ੱਕ ਉਹ ਸਾਡੇ ਹੈਲਥ ਕੇਅਰ ਹੀਰੋ ਹਨ। ਭਾਵੇਂ ਉਹ ਹੁਣ ਸ਼ਰੀਰਕ ਤੌਰ ਉੱਤੇ ਤੇ ਭਾਵਨਾਤਮਕ ਤੌਰ ਉੱਤੇ ਤੱਕ ਥੱਕ ਚੁੱਕੇ ਹਨ ਪਰ ਉਹ ਅਜੇ ਵੀ ਪੂਰੀ ..... ਬਾਕੀ ਪੰਨਾਂ 3 'ਤੇ


Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps | Cockroaches | Carpenter Ants | Silver Fish | Racoons
Call : PARESH PATEL (Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵੇਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫ਼ਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE | A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill Certified & Licensed Exterminator

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance | Walkie pallet | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
10GB
$50/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 10GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਫਰੰਟਲਾਈਨ ਵਰਕਰਜ਼ ਲਈ 1 ਮਿਲੀਅਨ ਇੱਕਠਾ ਕਰਨ ਵਾਸਤੇ ਓਸਲਰ ਫਾਊਂਡੇਸ਼ਨ ਨੇ ਲਾਂਚ ਕੀਤਾ ਕੰਪੈਸ਼ਨ ਫੰਡ

ਸਫਾ 1 ਦਾ ਬਾਕੀ...

ਤਰ੍ਹਾਂ ਵਚਨਬੱਧ ਹਨ। ਉਨ੍ਹਾਂ ਪਿਛਲੇ ਸਾਲ ਤੋਂ ਬੇਹਤਰੀਨ ਭੂਮਿਕਾ ਨਿਭਾਈ ਹੈ ਤੇ ਇਸ ਫੰਡ ਨਾਲ ਅਸੀ ਉਨ੍ਹਾਂ ਦੀ ਮਦਦ ਕਰਨੀ ਚਾਹੁੰਦੇ ਹਾਂ।ਇਸ ਫੰਡ ਨਾਲ ਆਨ ਸਾਈਟ ਕਾਊਂਸਲਿੰਗ, ਓਸਲਰ ਦੇ ਫਰੰਟਲਾਈਨ ਵਰਕਰਜ਼ ਲਈ 24 ਘੰਟੇ ਵੈੱਲਨੈੱਸ ਪ੍ਰੋਗਰਾਮ ਵੀ ਚਲਾਇਆ ਜਾਵੇਗਾ। ਇਸ ਦੇ ਨਾਲ ਹੀ ਇਸ ਫੰਡ ਰਾਹੀਂ ਸਾਰੀ ਤਰ੍ਹਾਂ ਦਾ ਸਾਜ਼ੋ ਸਮਾਨ ਵੀ ਮੁਹੱਈਆ ਕਰਵਾਇਆ ਜਾ ਸਕੇ ਤਾਂ ਕਿ ਸਾਡੇ ਫਰੰਟਲਾਈਨ ਵਰਕਰਜ਼ ਮਿਆਰੀ ਸੇਵਾਵਾਂ ਦੇਣੀਆਂ ਜਾਰੀ ਰੱਖ ਸਕਣ।ਇਸ ਮੌਕੇ ਵਿਲੀਅਮ ਓਸਲਰ ਹੈਲਥ ਸਿਸਟਮ ਦੇ ਪ੍ਰੈਜ਼ੀਡੈਂਟ ਅਤੇ ਸੀਈਓ ਨਵੀਦ ਮੁਹੰਮਦ ਨੇ ਆਖਿਆ ਕਿ ਆਪਣੇ ਸਟਾਫ, ਡਾਕਟਰਾਂ ਤੇ ਵਾਲੰਟੀਅਰਜ਼ ਦੇ ਸਮਰਪਣ ਭਾਵ ਉੱਤੇ ਉਨ੍ਹਾਂ ਨੂੰ ਬਹੁਤ ਮਾਣ ਹੈ।

# ਮੋਦੀ ਬਾਰੇ ਪਾਈ ਪੋਸਟ ਕਾਰਨ ਬਸਪਾ ਆਗੂ ਵਿਰੁੱਧ ਕਈ ਸ਼ਿਕਾਇਤਾਂ ਦਰਜ

ਹੁਸ਼ਿਆਰਪੁਰ, 19 ਮਈ (ਪੋਸਟ ਬਿਊਰੋ)- ਸੋਸ਼ਲ ਮੀਡੀਆ ਉੱਤੇ ਬਹੁਜਨ ਸਮਾਜ ਪਾਰਟੀ ਦੇ ਸੂਬਾ ਜਨਰਲ ਸਕੱਤਰ ਭਗਵਾਨ ਸਿੰਘ ਚੌਹਾਨ ਵੱਲੋਂ ਪ੍ਰਧਾਨ ਮੰਤਰੀ ਵਿਰੁੱਧ ਪਾਈ ਪੋਸਟ ਨੂੰ ਲੈ ਕੇ ਨਾਗਪੁਰ ਅਤੇ ਅਮਰਾਵਤੀ ਜ਼ਿਲ੍ਹਿਆਂ ਵਿੱਚ ਸ਼ਿਕਾਇਤਾਂ ਦਰਜ ਕਰਵਾਏ ਜਾਣ ਦੀ ਸੂਚਨਾ ਮਿਲੀ ਹੈ।

ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਬਸਪਾ ਪੰਜਾਬ ਦੇ ਜਨਰਲ ਸਕੱਤਰ ਤੇ ਸਾਬਕਾ ਇੰਚਾਰਜ ਜੰਮੂ-ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਭਗਵਾਨ ਸਿੰਘ ਚੌਹਾਨ ਨੇ ਪ੍ਰਧਾਨ ਮੰਤਰੀ ਨਰਿੰ-ਦਰ ਮੋਦੀ ਦੇ ਖਿਲਾਫ ਇੱਕ ਪੋਸਟ ਸੋਸ਼ਲ ਮੀਡੀਆ ਉੱਤੇ ਪਾਈ ਸੀ, ਜੋ ਰਾਤੋ-ਰਾਤ ਵਾਇਰਲ ਹੋ ਗਈ। ਇਸ ਪੋਸਟ ਵਿੱਚ ਚੌਹਾਨ ਨੇ ਪ੍ਰਧਾਨ ਮੰਤਰੀ ਨੂੰ ਕੂੜਾ ਚੁਗਦੇ ਹੋਏ ਦਿਖਾਇਆ ਤੇ ਇਸ ਨਾਲ ਟਾਈਟਲ ਲਿਖਿਆ ਸੀ: 'ਪ੍ਰਧਾਨ ਮੰਤਰੀ ਜੀ ਤੁਸੀਂ ਉਤਰ ਪ੍ਰਦੇਸ਼ ਵਿੱਚ ਗੰਗਾ ਦੇ ਕਿਨਾਰਿਆਂ ਉੱਤੇ ਜਾਓ, ਕਿਉਂਕਿ ਕੋਰੋਨਾ ਮਰੀਜ਼ਾਂ ਦੀਆਂ ਸੈਂਕੜੇ ਲਾਸ਼ਾਂ ਉਥੇ ਤੁਹਾਡਾ ਇੰਤਜ਼ਾਰ ਕਰ ਰਹੀਆਂ ਹਨ।' ਇਸ ਪੋਸਟ ਦੀਆਂ ਤਖਤੀਆਂ ਬਣਾ ਕੇ ਨਾਗਪੁਰ ਅਤੇ ਅਮਰਾਵਤੀ ਜ਼ਿਲਿਆਂ ਦੇ ਆਰ ਐਸ ਐਸ ਵਰਕਰਾਂ ਨੇ ਭਗਵਾਨ ਸਿੰਘ ਚੌਹਾਨ ਖਿਲਾਫ ਪਰਚਾ ਦਰਜ ਕਰਾਉਣ ਲਈ ਪੁਲਸ ਕੋਲ ਪਹੁੰਚ ਕੀਤੀ ਤਾਂ ਮਹਾਰਾਸ਼ਟਰ ਦੇ ਨਾਗਪੁਰ ਤੇ ਅਮਰਾਵਤੀ ਜ਼ਿਲ੍ਹਿਆਂ ਦੇ ਪੁਲਸ ਅਧਿਕਾਰੀਆਂ ਨੇ ਚੌਹਾਨ ਨਾਲ ਸੰਪਰਕ ਕਰ ਕੇ ਬਾਕਾਇਦਾ ਜਾਂਚ ਸ਼ੁਰੂ ਕਰ ਦਿੱਤੀ ਹੈ।ਇਸ ਬਾਰੇ ਸੂਬਾ ਬਸਪਾ ਆਗੂ ਭਗਵਾਨ ਸਿੰਘ ਚੌਹਾਨ ਦਾ ਕਹਿਣਾ ਹੈ ਕਿ ਮੈਂ ਕੋਈ ਗਲਤ ਕੰਮ ਨਹੀਂ ਕੀਤਾ, ਮੈਂ ਸੰਵਿਧਾਨ ਦੀ ਧਾਰਾ 19-1-ਏ ਹੇਠ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਵਜੋਂ ਆਪਣੇ ਅਧਿਕਾਰ ਦੀ ਵਰਤੋਂ ਕਰ ਕੇ ਦੇਸ਼ ਦੇ ਪ੍ਰਧਾਨ ਮੰਤਰੀ ਦਾ ਧਿਆਨ ਕੋਰੋਨਾ ਦੀ ਇਸ ਮਹਾਮਾਰੀ ਵਿੱਚ ਹਰ ਦਿਨ ਹੁੰਦੀਆਂ ਹਜ਼ਾਰਾਂ ਮੌਤਾਂ ਵੱਲ ਦਿਵਾਇਆ ਸੀ।




# ਚੀਨ ਵੱਲੋਂ ਨੇਪਾਲ ਦੇ ਦੌਲਖਾ ਜ਼ਿਲ੍ਹੇ ਵਿੱਚ ਜ਼ਮੀਨ ਉੱਤੇ ਕਬਜ਼ਾ


## * ਨੇਪਾਲ ਦੇ ਗ੍ਰਹਿ ਮੰਤਰਾਲੇ ਵੱਲੋਂ ਚੀਨ ਵਿਰੁੱਧ ਇਤਰਾਜ਼ ਦਰਜ



ਕਾਠਮੰਡੂ, 19 ਮਈ, (ਪੋਸਟ ਬਿਊਰੋ)- ਚੀਨ ਆਪਣੇ ਗੁਆਂਢੀ ਦੇਸ਼ਾਂ ਵਿਰੁੱਧ ਹਮਲਾਵਰੀ ਅਤੇ ਉਨ੍ਹਾਂ ਦੀ ਜ਼ਮੀਨ ਉੱਤੇ ਕਬਜ਼ਾ ਕਰਨ ਲਈ ਹਰ ਵਕਤ ਤਿਆਰ ਰਹਿੰਦਾ ਹੈ। ਇਸ ਵਾਰ ਉਸ ਨੇ ਚੰਗੇ ਸਬੰਧਾਂ ਦੇ ਬਾਵਜੂਦ ਨੇਪਾਲ ਦੇ ਸਰਹੱਦੀ ਜ਼ਿਲ੍ਹੇ ਦੌਲਖਾ ਦੀ ਹੱਦ ਉੱਤੇ ਲੱਗੇ ਪਿੱਲਰ ਗ਼ਾਇਬ ਕਰ ਕੇ ਵੱਡੇ ਹਿੱਸੇਉੱਤੇ ਕਬਜ਼ਾ ਕਰ ਲਿਆ ਹੈ। ਇਸ ਤੋਂ ਪਹਿਲਾਂ ਵੀ ਨੇਪਾਲ ਦੇ ਕਈ ਸਰਹੱਦੀ ਇਲਾਕਿਆਂ ਵਿੱਚਚੀਨ ਇਸ ਤਰ੍ਹਾਂ ਕਰ ਚੁੱਕਾ ਹੈ।

ਇਸ ਸੰਬੰਧ ਵਿੱਚ ਨੇਪਾਲ ਦੇ ਗ੍ਰਹਿ ਮੰਤਰਾਲੇ ਨੇ ਚੀਨ ਦੀ ਇਸ ਹਮਲਾਵਰੀ ਉੱਤੇ ਇਤਰਾਜ਼ ਕਰਦਿਆਂ ਕਿਹਾ ਹੈ ਕਿ ਦੌਲਖਾ ਜ਼ਿਲ੍ਹੇ ਦੇ ਵੀਗੂ ਪਿੰਡ ਵਿੱਚਚੀਨ ਨੇ ਨਾਜਾਇਜ਼ ਕਬਜ਼ਾ ਜਾ ਕੀਤਾ ਹੈ।ਨੇਪਾਲ ਦੇ ਗ੍ਰਹਿ ਮੰਤਰਾਲੇ ਨੇ ਚੀਨ ਦੀ ਇਸ ਹਰਕਤ ਦੀ ਸੂਚਨਾ ਵਿਦੇਸ਼ ਮੰਤਰਾਲੇ ਨੂੰ ਦਿੱਤੀਹੈ ਤੇ ਉਹ ਚੀਨ ਨਾਲ ਇਸ ਬਾਰੇ ਗੱਲ ਕਰੇਗਾ। ਨੇਪਾਲ ਅਤੇ ਚੀਨ ਵਿਚਾਲੇਸਰਹੱਦ ਦੋਵੇਂ ਧਿਰਾਂ ਦੀ ਰਜ਼ਾਮੰਦੀ ਨਾਲ 1960 ਵਿੱਚਤੈਅ ਹੋਈ ਸੀ। ਇਸ ਪਿੱਛੋਂ ਦੋਵੇਂ ਦੇਸ਼ਾਂ ਵਿਚਾਲੇ 1961 ਵਿੱਚਸਰਹੱਦੀ ਸਮਝੌਤਾ ਹੋਇਆ ਤੇ ਸਰਹੱਦ ਉੱਤੇ ਪਿੱਲਰ ਲਾਏ ਸਨ। ਇਸ ਪਿੱਛੋਂ ਦੋਵੇਂ ਦੇਸ਼ਾਂ ਦੇ ਸਰਹੱਦੀ ਖੇਤਰ ਵਿੱਚ ਕਈ ਬਦਲਾਅ ਹੋਏ, ਪਰ ਸਰਹੱਦੀ ਲਕੀਰ ਨਹੀਂ ਬਦਲੀ।ਇਨ੍ਹਾਂ ਸਾਲਾਂ ਵਿੱਚ ਦੋਵੇਂ ਦੇਸ਼ਾਂ ਦੀ ਸਰਹੱਦ ਉੱਤੇ 76 ਸਥਾਈ ਪਿੱਲਰ ਖੜ੍ਹੇ ਕੀਤੇ ਗਏ ਸਨ, ਪਰ ਇਸ ਵਾਰ ਚੀਨ ਸਥਿਤੀ ਨੂੰ ਬਦਲਣ ਦਾ ਯਤਨ ਕਰ ਰਿਹਾ ਹੈ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸਤੰਬਰ 2020 ਵਿੱਚ ਚੀਨ ਨੇ ਨੇਪਾਲ ਦੇ ਸਰਹੱਦੀ ਜ਼ਿਲ੍ਹੇਹੁਮਲਾ ਵਿੱਚ ਨੇਪਾਲ ਦੀ ਜ਼ਮੀਨ ਉੱਤੇ ਕਬਜ਼ਾ ਕਰ ਕੇ 11 ਇਮਾਰਤਾਂ ਤੇ ਸੜਕ ਬਣਾ ਲਈ ਸੀ।ਓਦੋਂ ਨੇਪਾਲ ਨੇ ਇਸ ਉੱਤੇ ਇਤਰਾਜ਼ ਕੀਤਾ ਤਾਂ ਚੀਨ ਨੇ ਅਣਗੌਲੇ ਕਰ ਕੇ ਕਿਹਾ ਸੀ ਕਿ ਉਸ ਨੇ ਆਪਣੀ ਜ਼ਮੀਨ ਉੱਤੇ ਉਸਾਰੀ ਕੀਤੀ ਹੈ। ਇਸ ਪਿੱਛੋਂ ਨੇਪਾਲ ਵਿੱਚ ਕਈ ਥਾਈਂ ਵਿਰੋਧ ਪ੍ਰਦਰਸ਼ਨ ਹੋਏ ਅਤੇ ਕਾਠਮੰਡੂ ਵਿੱਚ ਚੀਨੀ ਦੂਤਘਰ ਅੱਗੇ ਪ੍ਰਦਰਸ਼ਨ ਕਰ ਕੇ ਲੋਕਾਂ ਨੇ ਚੀਨੀ ਵਿਸਥਾਰਵਾਦ ਨੂੰ ਰੋਕਣ ਦੀ ਮੰਗ ਕੀਤੀ ਸੀ। ਵਿਰੋਧੀ ਧਿਰ ਨੇਪਾਲੀ ਕਾਂਗਰਸ ਨੇ ਵੀ ਵਿਰੋਧ ਪ੍ਰਗਟ ਕੀਤਾ, ਪਰ ਸਰਹੱਦ ਉੱਤੇਚੀਨ ਦਾ ਕਬਜ਼ਾ ਕਾਇਮ ਰਿਹਾ ਸੀ।ਸਰਹੱਦ ਦੀ ਰਿਪੋਰਟਮੁਤਾਬਕ ਚੀਨ ਨੇ ਹੁਮਲਾ ਵਿੱਚਸਰਹੱਦਵਾਲੇ ਪਿੱਲਰ ਹਟਾ ਕੇ ਜ਼ਮੀਨ ਉੱਤੇ ਕਬਜ਼ਾ ਲਿਆ ਹੈ ਅਤੇ ਕਈ ਦਹਾਕਿਆਂ ਤੱਕ ਲੱਗੇ ਰਹੇ ਪਿੱਲਰ ਗਾਇਬ ਕਰ ਦਿੱਤੇ ਹਨ।







Caledon
Exclusive Gas Station
Located on very busy road
3 way auto garage + convenience store,1 ਏਕੜ ਦੀ commercial lot ਹੋਰ ਵਧੇਰੇ ਜਾਣਕਾਰੀ ਲਈ ਅੱਜ ਹੀ ਸੰਪਰਕ ਕਰੋ.

Caledon
2.5 ਏਕੜ ਵਿੱਚ ਬਣਿਆ 2 storey ਘਰ , 3500 sq ft. , $5500 ਕਿਰਾਏ ਤੇ ਚੜ੍ਹਿਆ ਹੋਇਆ, offered at very reasonable price.

Mayfield & Gore Road
ਦੇ ਨਜ਼ਦੀਕ 9 ਏਕੜ ਦੀ beautiful clean land with beautiful bunglow available for sale. Lots of future potential.

Caledon
Airport road ਤੇ 500 ft ਦੀ frontage ਵਾਲੇ 10 ਏਕੜ ਜ਼ਮੀਨ 3500 sq.ft. bunglow with walkout basement
Motivated Seller.

Caledon
ਵਿੱਚ 5 ਏਕੜ, Main Highway and Main Street ਤੇ corner lot, House and Shop included, Lots of potential
ਸ਼ੋਪ ਅਤੇ ਘਰ ਕਿਰਾਏ ਤੇ ਚੜ੍ਹਿਆ ਹੋਇਆ.

Free Market Evaluation
-Buy
-Sell
-Invest
Call Now:(647) 242-8667
(416) 970-5005

## ਅੱਜ ਨਾਮਾ

ਇਹ ਕੀ ਚੱਕਰ ਕਿ ਦੇਸ਼ ਦੇ ਭੁੱਲ ਮਸਲੇ,
ਪਾਰਟੀਆਂ ਵਿੱਚ ਧਮੱਚੜ ਦਾ ਰੰਗ ਬੇਲੀ।
ਲੀਡਰ ਬੈਠਾ ਵਿਧਾਇਕਾਂ ਤੋਂ ਤੰਗ ਕਹਿੰਦੇ,
ਵਿਧਾਇਕ ਉਹਦੇ ਤੋਂ ਸੁਣੀਂਦੇ ਤੰਗ ਬੇਲੀ।
ਪਾਰਟੀ ਜਿਹੜੀ ਆ ਸੱਤਾ ਤੋਂ ਪਰੇ ਬੈਠੀ,
ਓਥੇ ਟਿਕਟਾਂ ਦੀ ਲੱਗੀ ਪਈ ਜੰਗ ਬੇਲੀ।
ਜਿਸ ਨੂੰ ਪਿੰਡ ਸਰਪੰਚੀ ਨਹੀਂ ਕਦੇ ਦੇਂਦਾ,
ਕਰਦਾ ਅਸੰਬਲੀ ਦੀ ਉਹ ਵੀ ਮੰਗ ਬੇਲੀ।
ਓਦਾਂ ਕਹਿਣ ਨੂੰ ਕਹਿੰਦੇ ਇਹ ਗੱਲ ਸਾਰੇ,
ਅਸੀਂ ਤਾਂ ਲੋਕਾਂ ਦੀ ਸੇਵਾ ਦੇ ਦਾਸ ਬੇਲੀ।
ਪੌਣੀ ਸਦੀ ਵਿੱਚ 'ਦਾਸਾਂ' ਨੇ ਦੇਸ਼ ਸਾਡਾ,
ਕਰਿਆਦਿੱਸਦਾ ਬੁਰੀ ਤਰ੍ਹਾਂ ਨਾਸ ਬੇਲੀ।

**ਤੀਸ ਮਾਰ ਖਾਂ**

ਪੰਜਾਬ ਕਾਂਗਰਸ ਦੇ ਕਲੇਸ਼ ਦੀ ਸਿਖਰ

# ਪ੍ਰਤਾਪ ਸਿੰਘ ਬਾਜਵਾ ਵੱਲੋਂ ਕੈਪਟਨ ਨੂੰ ਚਿਤਾਵਨੀ ਨਾਲ 45 ਦਿਨਾਂ ਦਾ ਅਲਟੀਮੇਟਮ

* ਮੰਤਰੀ ਚਰਨਜੀਤ ਚੰਨੀ ਨੇ ਫੇਸਬੁੱਕ ਤੋਂ ਕੈਪਟਨ ਦੀ ਫੋਟੋ ਹਟਾਈ

ਚੰਡੀਗੜ੍ਹ, 19 ਮਈ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਵਿਚ ਛਿੜੀ ਲੜਾਈ ਦਿਨੋ-ਦਿਨ ਤਿੱਖੀ ਹੁੰਦੀ ਜਾਣ ਦੇ ਨਾਲ ਇਹ ਪੰਜਾਬ ਦੀ ਸਰਕਾਰ ਦੀ ਹੋਂਦ ਉੱਤੇ ਵੀ ਸਵਾਲ ਖੜੇ ਕਰਨ ਤੱਕ ਚਲੀ ਗਈ ਹੈ।

ਅੱਜ ਕਾਂਗਰਸ ਪਾਰਟੀ ਦੇ ਰਾਜ ਸਭਾ ਮੈਂਬਰ ਅਤੇ ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਲਈ 45 ਦਿਨਾਂ ਦਾ ਅਲਟੀਮੇਟਮ ਜਾਰੀ ਕਰਦਿੱਤਾ, ਪਰਨਾਲ ਪੰਜਾਬ ਕਾਂਗਰਸ ਵਿਚ ਕਿਸੇ ਤਰ੍ਹਾਂ ਦੀ ਧੜੇਬੰਦੀ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਕਾਂਗਰਸ ਦੇ ਉਹੀ ਲੀਡਰ ਇਕੱਠੇ ਹੋਏ ਹਨ, ਜਿਹੜੇ ਗੁਰੂ ਘਰ ਅਤੇ ਪੰਜਾਬ ਦੀ ਗੱਲ ਕਰਦੇ ਹਨ।ਇੱਕ ਵਿਸ਼ੇਸ਼ ਇੰਟਰਵਿਊ ਵਿਚ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਜੇ 45 ਦਿਨਾਂ ਅੰਦਰ ਕੈਪਟਨ ਅਮਰਿੰਦਰ ਸਿੰਘ ਕੋਈ ਫ਼ੈਸਲਾ ਲੈ ਲੈਣ ਤਾਂ ਠੀਕ, ਵਰਨਾਉਨ੍ਹਾਂ ਦੀ ਲੜਾਈ ਆਜ਼ਾਦ ਅਤੇ ਖੁੱਲ੍ਹੀ



ਹੋਵੇਗੀ।ਉਨ੍ਹਾ ਕਿਹਾ ਕਿ ਚੋਣ ਵਾਅਦਿਆਂ ਦਾਥੋੜ੍ਹਾ-ਬਹੁਤ ਫਰਕ ਹੋ ਸਕਦਾ, ਪਰ ਗੁਰੂਨਾਲ ਕੀਤਾ ਵਾਅਦਾ ਨਿਭਾਉਣਾ ਪਵੇਗਾ। ਉਨ੍ਹਾਂ ਕਿਹਾ, ਕੈਪਟਨ ਅਮਰਿੰਦਰ ਸਿੰਘ ਨੇ 2017 ਦੀਆਂ ਚੋਣਾਂ ਵੇਲੇ ਹੱਥ ਵਿੱਚ ਗੁਟਕਾ ਸਾਹਿਬ ਫੜ ਕੇ ਸਹੁੰ ਖਾਧੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਅਤੇ ਨਸ਼ੇ ਦੇ ਸੌਦਾਗਰ ਬੇਪਰਦ ਕਰਕੇ ਜੇਲ੍ਹ ਭੇਜਾਂਗੇ, ਪਰ ਨਾ ਬੇਅਦਬੀ ਦੇ ਦੋਸ਼ੀਆਂ ਉੱਤੇ ਕਾਰਵਾਈ ਹੋਈ ਤੇ ਨਾ ਨਸ਼ੇ ਦੇ ਅਸਲ ਸੌਦਾਗਰ ਫੜੇ ਗਏ। ਉਨ੍ਹਾਂ ਕਿਹਾ ਕਿ ਨਸ਼ੇਦੇ ਕਾਰੋਬਾਰ ਵਿਰੁੱਧ ਜਾਂਚ ਰਿਪੋਰਟ ਖੁੰਜੇ ਪਈ ਹੈਤੇ ਸਵਾ ਚਾਰ ਸਾਲ ਲੰਘਾ ਕੇ ਵੀ ਇਹ ਵਾਅਦੇ ਪੂਰੇ ਨਹੀਂ ਹੋਏ। ਉਨ੍ਹਾਂ ਕਿਹਾ ਕਿ ਲੋਕਾਂ ਕੋਲ ਜਾਣ ਲਈ ਪੰਜਾਬ ਕਾਂਗਰਸ ਦੇ ਮੰਤਰੀ, ਪਾਰਲੀਮੈਂਟ ਮੈਂਬਰਤੇ ਵਿਧਾਇਕ ਆਪੋ ਵਿੱਚ ਮੀਟਿੰਗਾਂ ਕਰਦੇ ਪਏ ਹਨ।

ਪੰਜਾਬ ਕਾਂਗਰਸ ਦੇ ਇਸ ਝਗੜੇ ਦੌਰਾਨਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਪਣੇ ਫੇਸਬੁੱਕ ਖਾਤੇ ਤੋਂ ਅੱਜ ਮੁੱਖ ਮੰਤਰੀ ਅਮਰਿੰਦਰ ਸਿੰਘ ਨਾਲ ਸਾਂਝੀ ਫੋਟੋ ਹਟਾ ਦਿੱਤੀ ਹੈ, ਜਿਸ ਵਿਚ ਅਮਰਿੰਦਰ ਸਿੰਘ ਨੂੰ 'ਸਾਲ 2022 ਦਾ ਕੈਪਟਨ' ਲਿਖਿਆਸੀ। ਚਰਨਜੀਤ ਚੰਨੀ ਨੇ ਜਿਹੜੀ ਫੋਟੋਡਿਲੀਟ ਕੀਤੀ ਹੈ, ਉਸ ਵਿਚ ਚੰਨੀ ਦੇ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਨਅਤੇ ਇਸ ਉੱਤੇ 2022 ਦੀਆਂ ਵਿਧਾਨ ਸਭਾ ਚੋਣਾਂ ਦਾ ਜ਼ਿਕਰਕੀਤਾ ਸੀ।ਵਰਨਣ ਯੋਗ ਹੈ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਵਿਰੁੱਧ ਬਗਾਵਤੀ ਸੁਰਾਂ ਪਿੱਛੋਂ ਮੰਤਰੀ ਚਰਨਜੀਤ ਚੰਨੀ ਦਾ 'ਮੀ-ਟੂ' ਵਾਲਾ ਕੇਸ ਤਿੰਨ ਸਾਲ ਪਿੱਛੋਂ ਚੁੱਕਿਆ ਗਿਆ ਹੈ, ਜਿਸ ਬਾਰੇ ਮਹਿਲਾ ਕਮਿਸ਼ਨ ਨੇ ਪੰਜਾਬ ਸਰਕਾਰ ਤੋਂ ਤੁਰੰਤ ਕਾਰਵਾਈ ਮੰਗੀ ਅਤੇ ਕਾਰਵਾਈ ਨਾ ਹੋਣ ਦੀ ਸੂਰਤ ਵਿਚ ਧਰਨਾ ਦੇਣ ਦੀ ਚਿਤਾਵਨੀ ਵੀ ਦਿੱਤੀ ਹੈ।

## ਬੇਅਦਬੀ ਕਾਂਡ ਵਿਚ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿਲਾਰਨ ਲਈ ਵਰਤੀਆਂ ਗਈਆਂਕਾਰਾਂ ਐੱਸ ਆਈ ਟੀ ਵੱਲੋਂ ਬਰਾਮਦ

* ਬੇਅਦਬੀ ਕਾਂਡ ਵਾਲੀਆਂ ਥਾਵਾਂ ਦੀ ਦੋਸ਼ੀਆਂ ਤੋਂ ਨਿਸ਼ਾਨਦੇਹੀ ਕਰਵਾਈ

ਮੋਹਾਲੀ, 19 ਮਈ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਵੇਲੇ ਸਾਲ 2015 ਵਿੱਚ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇਕੇਸ ਵਿੱਚਗ੍ਰਿਫਤਾਰ ਕੀਤੇ ਡੇਰਾ ਸੱਚਾ ਸੌਦਾ ਸਿਰਸਾ ਦੇ ਛੇ ਪ੍ਰੇਮੀਆਂ ਵੱਲੋਂਗੁਰੂ ਗ੍ਰੰਥ ਸਾਹਿਬ ਦੇ ਅੰਗ ਖਿਲਾਰਨ ਵਾਲੇ ਕੇਸਾਂ ਦਾ ਦੋਸ਼ ਕਬੂਲ ਕਰਨ ਤੋਂ ਬਾਅਦ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਇਨ੍ਹਾਂ ਦੀ ਨਿਸ਼ਾਨਦੇਹੀ ਉੱਤੇਉਸ ਜੁਰਮ ਵਿੱਚ ਵਰਤੀਆਂ ਗਈਆਂ ਦੋ ਕਾਰਾਂ ਬਰਾਮਦ ਕਰ ਲਈਆਂ ਹਨ।

ਪਤਾ ਲੱਗਾ ਹੈ ਕਿ ਗੁਰਦੁਆਰਾ ਪਾਤਸ਼ਾਹੀ ਦਸਵੀਂ ਪਿੰਡ ਬਰਗਾੜੀ ਦੇ ਆਸੇ-ਪਾਸੇ ਗਲੀਆਂ ਵਿਚ ਸ੍ਰੀ ਗੁਰੂ ਗ੍ਰੰਥ ਅੰਗ ਖਿਲਾਰਨ ਵਾਸਤੇ ਇੱਕ ਆਲਟੋ ਅਤੇ ਇੱਕ ਏ-ਸਟਾਰ ਕਾਰ ਦੀ ਵਰਤੋਂ ਹੋਈ ਸੀ, ਜਿਨ੍ਹਾਂ ਵਿਚੋਂ ਆਲਟੋ ਇੱਕ ਦੋਸ਼ੀ ਸੁਖਜਿੰਦਰ ਸੰਨੀ ਦੀ ਤੇ ਏ-ਸਟਾਰ ਕਾਰ ਦੂਸਰੇ ਦੋਸ਼ੀ ਨਿਸ਼ਾਨ ਸਿੰਘ ਦੀ ਸੀ। ਇਹ ਕਾਰਾਂ ਮਿਲਣ ਪਿੱਛੋਂ ਅੱਜ ਬੁੱਧਵਾਰ ਨੂੰ ਦੋਸ਼ੀਆਂ ਤੋਂ 5 ਘੰਟੇ ਤਕ ਪੁੱਛਗਿੱਛਹੋਈ।ਜਾਣਕਾਰ ਸੂਤਰਾਂਦੇ ਮੁਤਾਬਕ ਪੁਲਿਸ ਇਨ੍ਹਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਨ ਦੇ ਕੇਸ ਦੀ ਕਹਾਣੀ ਲੱਭਣ ਦੀ ਕੋਸ਼ਿਸ਼ਕਰ ਰਹੀ ਹੈ। ਪੁਲਿਸ ਦੇ ਸੂਤਰਾਂ ਅਨੁਸਾਰ ਪੁੱਛਗਿੱਛ ਤੋਂ ਇਹ ਗੱਲ ਨਿਕਲੀ ਹੈ ਕਿ ਸ੍ਰੀ ਗੁਰੂ ਸਾਹਿਬ ਦੀ ਬੇਅਦਬੀ ਤੇ ਅੰਗ ਖਿਲਾਰਨ ਲਈ ਅੱਧੀ ਰਾਤ ਇਹਦੋ ਕਾਰਾਂ ਵਿਚ ਗਏ ਸਨ।ਵਰਨਣ ਯੋਗ ਹੈ ਕਿ ਸ਼ਕਤੀ ਸਿੰਘ, ਨਿਸ਼ਾਨ ਸਿੰਘ, ਸੁਖਜਿੰਦਰ ਸਿੰਘ ਸੰਨੀ, ਪ੍ਰਦੀਪ ਸਿੰਘ, ਬਲਜੀਤ ਸਿੰਘ ਤੇ ਰਣਜੀਤ ਸਿੰਘ ਨੂੰ 16 ਮਈ ਨੂੰ ਫ਼ਰੀਦਕੋਟ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਤੋਂ ਗ੍ਰਿਫਤਾਰ ਕੀਤਾ ਗਿਆ ਅਤੇ 17 ਮਈ ਨੂੰ ਅਦਾਲਤ ਨੇ ਇਨ੍ਹਾਂ ਦਾ 4 ਦਿਨਾਂ ਦਾ ਪੁਲਸ ਰਿਮਾਂਡਦਿੱਤਾ ਸੀ। ਇਨ੍ਹਾਂ ਨੂੰ 21 ਮਈ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਣਾ ਹੈ।



ਇਸ ਦੌਰਾਨ ਐੱਸ ਆਈ ਟੀਵੱਲੋਂ ਗ੍ਰਿਫਤਾਰ ਕੀਤੇ ਇਨ੍ਹਾਂ 6 ਦੋਸ਼ੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਨ, ਭੜਕਾਊ ਪੋਸਟਰ ਲਾਉਣ ਤੇ ਬੇਅਦਬੀ ਵਾਲੀਆਂ ਥਾਵਾਂ ਉੱਤੇ ਲਿਜਾ ਕੇ ਨਿਸ਼ਾਨਦੇਹੀ ਕਰਾਈ ਹੈ।ਐੱਸ ਆਈ ਟੀ ਦੀ ਹਾਜ਼ਰੀ ਵਿਚ ਦੋਸ਼ੀਆਂ ਸੁਖਵਿੰਦਰ ਸਿੰਘ ਸੰਨੀ, ਨਿਸ਼ਾਨ ਸਿੰਘ, ਰਣਜੀਤ ਸਿੰਘ ਭੋਲਾ, ਪ੍ਰਦੀਪ ਦੋਧੀ,ਬਲਜੀਤ ਸਿੰਘ ਸਿੱਖਾਂਵਾਲਾ ਅਤੇ ਸ਼ਕਤੀ ਸਿੰਘ ਡੱਗੋਰੋਮਾਣਾ ਨੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰ-ਦੁਆਰਾ ਪਾਤਸ਼ਾਹੀ ਦਸਵੀਂ, ਬੱਸ ਅੱਡਾ ਬਰਗਾੜੀ, ਬੱਸ ਅੱਡਾ ਢਿੱਲਵਾਂ ਕਲਾਂ, ਪਿੰਡ ਬਾਹਮਣਵਾਲਾ ਕੋਲ ਲੰਘਦਾ ਸੂਆ ਤੇ ਰਾਧਾ ਸੁਆਮੀ ਡੇਰਾਸੰਧਵਾਂ ਨੇੜਲੀਆਂ ਥਾਵਾਂ ਦੀ ਨਿਸ਼ਾਨਦੇਹੀ ਕੀਤੀ ਹੈ।ਐੱਸ ਆਈ ਟੀ ਦੇ ਮੁੱਖ ਮੈਂਬਰਾਂ ਏਆਈਜੀ ਰਜਿੰਦਰ ਸਿੰਘ ਸੋਹਲ, ਡੀਐੱਸਪੀ ਲਖਵੀਰ ਸਿੰਘ ਅਤੇ ਹੋਰਨਾਂ ਦੀ ਹਾਜ਼ਰੀ ਵਿਚ ਦੋਸ਼ੀਆਂ ਨੇ ਮੰਨਿਆ ਕਿ ਸੰਨੀ ਕੰਡਾ, ਰਣਜੀਤ ਭੋਲਾ, ਸ਼ਕਤੀ, ਨਿਸ਼ਾਨ ਤੇ ਬਲਜੀਤ ਸਿੰਘ ਪਿੰਡਢਿੱਲਵਾਂ ਕਲਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਆਏ ਤੇ ਸੰਨੀ ਨੇ ਬਲੇਡ ਨਾਲ ਇਸ ਦੇ ਪੰਨੇ ਪਾੜੇ ਸਨ।ਫਿਰ ਸੰਨੀ ਤੇ ਸ਼ਕਤੀ ਰਾਤ ਇਹ ਪੰਨੇ ਬਰਗਾੜੀ ਦੇ ਗੁਰਦੁਆਰਾ ਸਾਹਿਬ ਲਾਗੇ ਅਤੇ ਬੱਸ ਅੱਡੇਵਿੱਚ ਖਿਲਾਰ ਕੇ ਚਲੇ ਗਏ ਤੇ ਕੁਝ ਪੰਨੇ ਪ੍ਰਦੀਪ ਰਾਜੂ ਦੋਧੀ ਨੂੰ ਪਿੰਡ ਹਰੀਨੌ ਵਿਚ ਖਿਲਾਰਨ ਲਈ ਦਿੱਤੇ। ਰਾਜੂ ਦੋਧੀ ਨੇ ਇਹ ਪੰਨੇ ਪਿੰਡ ਕੋਲੋਂ ਲੰਘਦੇ ਸੂਏ ਵਿਚ ਰੋੜ੍ਹ ਦਿੱਤੇ ਅਤੇ ਬਾਕੀ ਪੰਨੇ ਅਤੇ ਜਿਲਦ ਮਹਿੰਦਰਪਾਲ ਬਿੱਟੂ ਲੈ ਗਿਆ ਸੀ।

# ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਟਰੰਪ ਦੇ ਵਿਰੁੱਧ ਅਪਰਾਧਕ ਜਾਂਚ ਸ਼ੁਰੂ ਹੋਣ ਦੇ ਸੰਕੇਤ

* ਸਿਵਲ ਕੇਸ ਦੀ ਜਾਂਚ ਦੇ ਤੱਥਾਂ ਨਾਲ ਮੁਸ਼ਕਿਲਾਂ ਵਧਣਗੀਆਂ

ਵਾਸ਼ਿੰਗਟਨ, 19 ਮਈ, (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੇ ਪਰਿਵਾਰ ਦੇ ਖ਼ਿਲਾਫ਼ ਚੱਲਦੀ ਦੋ ਕੇਸਾਂ ਦੀ ਜਾਂਚ ਅੱਗੇ ਵਧਣ ਨਾਲ ਉਨ੍ਹਾਂ ਦੀਆਂ ਮੁਸ਼ਕਲਾਂਵਧਸਕਦੀਆਂ ਹਨ।

ਡੋਨਾਲਡ ਟਰੰਪ ਦੇ ਖਿਲਾਫ਼ ਨਿਊਯਾਰਕ ਦੀ ਅਟਾਰਨੀ ਜਨਰਲ ਲੇਟੀਟੀਆ ਜੇਮਜ਼ ਦੇ ਦਫ਼ਤਰ ਵੱਲੋਂ ਸਿਵਲ ਕੇਸਾਂ ਦੀ ਜਾਂਚ ਵਿੱਚ ਮਿਲੇ ਤੱਥ ਅੱਗੋਂ ਮੈਨਹੱਟਨ ਦੇ ਡਿਸਟ੍ਰਿਕਟ ਅਟਾਰਨੀ ਸਾਇਰਸ ਵੈਂਸ ਵੱਲੋਂਹੁੰਦੀ ਅਪਰਾਧਕ ਜਾਂਚ ਵਿੱਚ ਸ਼ਾਮਲ ਕੀਤੇ ਜਾਣ ਲੱਗੇ ਹਨ।ਰਾਸ਼ਟਰਪਤੀ ਅਹੁਦੇ ਤੋਂ ਹਟਣ ਪਿੱਛੋਂਡੋਨਾਲਡ ਟਰੰਪ ਅਤੇ ਉਨ੍ਹਾਂ ਦੇ ਪਰਿਵਾਰ ਦੇ ਖਿਲਾਫ਼ ਦੋ ਵੱਖ-ਵੱਖ ਜਾਂਚਾਂ ਚੱਲ ਰਹੀਆਂ ਹਨ। ਇਨ੍ਹਾਂ ਵਿੱਚੋਂ ਇਕ ਜਾਂਚ ਨਿਊਯਾਰਕ ਦੇ ਅਟਾਰਨੀ ਜਨਰਲ ਦਫ਼ਤਰ ਤੋਂ ਹੋ ਰਹੀ ਹੈ। ਸਿਵਲ ਦੀ ਇਹ ਜਾਂਚ ਆਜ਼ਾਦ ਰੂਪ ਵਿੱਚ ਚੱਲ ਰਹੀ ਸੀ।ਦੂਸਰੇ ਪਾਸੇ ਮੈਨਹੱਟਨ ਦੇ ਡਿਸਟ੍ਰਿਕਟ ਅਟਾਰਨੀ ਵਲੋਂ ਟਰੰਪ ਆਰਗੇਨਾਈਜ਼ੇਸ਼ਨ ਬਾਰੇ ਅਪਰਾਧਕ ਜਾਂਚ ਚੱਲ ਰਹੀ ਹੈ। ਇਹ ਜਾਂਚ ਟਰੰਪ ਆਰਗੇਨਾਈਜ਼ੇਸ਼ਨ ਦੇ ਬੈਂਕ ਤੇ ਟੈਕਸ ਧੋਖਾਧੜੀ ਤੇ ਵਿੱਤੀ ਕੇਸਾਂ ਦੀ ਗੜਬੜ ਬਾਰੇ ਹੈ। ਜਾਂਚ ਦੇ ਘੇਰੇ



ਵਿੱਚ ਪਰਿਵਾਰਕ ਮੈਂਬਰ ਵੀ ਹਨ। ਜਾਂਚ ਵਿੱਚ ਸਹੀ ਤੱਥ ਕੱਢਣ ਲਈ ਡਿਸਟ੍ਰਿਕਟ ਅਟਾਰਨੀ ਦੇ ਦਫ਼ਤਰ ਨੇ ਟਰੰਪ ਦੇ ਮੁੱਖ ਵਿੱਤ ਅਧਿਕਾਰੀ ਵੀਸਲਵਰਗਦੇ ਖਿਲਾਫ ਵੀ ਸ਼ਿਕੰਜਾ ਕੱਸਿਆ ਹੈ ਤਾਂ ਕਿ ਟਰੰਪ ਤੇ ਉਨ੍ਹਾਂ ਦੀ ਕੰਪਨੀ ਬਾਰੇ ਜਾਂਚ ਵਿੱਚਮਦਦ ਮਿਲ ਸਕੇ।

ਇਸ ਦੌਰਾਨ ਟਰੰਪ ਆਰਗੇਨਾਈਜੇਸ਼ਨ ਨੂੰ ਨਿਊਯਾਰਕ ਅਟਾਰਨੀ ਜਨਰਲ ਲੇਟਿਟੀਆ ਜੇਮਸ ਦੇ ਦਫ਼ਤਰ ਵੱਲੋਂ ਦੱਸਿਆ ਗਿਆ ਹੈ ਕਿ ਉਨ੍ਹਾਂ ਦੇ ਖ਼ਿਲਾਫ਼ ਚੱਲਦੀ ਸਿਵਿਲ ਜਾਂਚ ਵਿੱਚ ਮਿਲੇ ਤੱਥਾਂ ਨੂੰ ਅਪਰਾਧਿਕ ਜਾਂਚਨਾਲ ਜੋੜਿਆ ਜਾ ਸਕਦਾ ਹੈ।ਇਹ ਦੋ ਪੜਤਾਲਾਂ ਮਿਲਾ ਕੇ ਕਰਨ ਦੀ ਪ੍ਰਕਿਰਿਆ ਸ਼ੁਰੂਹੋ ਗਈ ਹੈ। ਇਸ ਲਈ ਨਿਊਯਾਰਕ ਦੇ ਅਟਾਰਨੀ ਜਨਰਲ ਦਫ਼ਤਰ ਦੇ ਦੋ ਸਹਾਇਕ ਅਟਾਰਨੀ ਜਨਰਲ ਅਪਰਾਧਕ ਜਾਂਚ ਵਿੱਚਮਦਦਲਈ ਡਿਸਟ੍ਰਿਕਟ ਅਟਾਰਨੀ ਜਨਰਲ ਦੀ ਟੀਮ ਵਿੱਚ ਸ਼ਾਮਲ ਹੋਣਗੇ, ਜਿਸ ਨਾਲ ਟਰੰਪ ਦੀਆਂ ਮੁਸ਼ਕਲਾਂ ਵਧ ਜਾਣਗੀਆਂ।

## ਇਕ ਪਾਸੇ ਓਲੰਪਿਕ ਰੱਦ ਕਰਨ ਦੀ ਅਪੀਲ, ਦੂਸਰੇ ਪਾਸੇ ਕਰਾਉਣ ਦਾ ਭਰੋਸਾ

ਟੋਕੀਓ, 19 ਮਈ, (ਪੋਸਟ ਬਿਊਰੋ)- ਟੋਕੀਓ ਓਲੰਪਿਕ ਦੇ ਪ੍ਰਬੰਧਕਾਂ ਨੂੰ ਜਿੱਥੇ ਜਾਪਾਨ ਦੇ ਮੈਡੀਕਲ ਮੁਲਾਜ਼ਮਾਂ ਦੇ ਸਖਤ ਵਿਰੋਧ ਨੂੰ ਭੁਗਤਣਾ ਪੈ ਰਿਹਾ, ਉੱਥੇ ਕੌਮਾਂਤਰੀ ਓਲੰਪਿਕ ਕਮੇਟੀ (ਆਈ ਓ ਸੀ) ਦੇ ਪ੍ਰਧਾਨ ਥਾਮਸ ਬਾਕ ਨੇ ਬੁੱਧਵਾਰ ਨੂੰ ਪੇਸ਼ਕਸ਼ ਕੀਤੀ ਕਿ ਖੇਡਾਂ ਦੌਰਾਨ ਵਾਧੂ ਮੈਡੀਕਲ ਮੁਲਾਜ਼ਮਾਂ ਦੀ ਮਦਦ ਦਿੱਤੀ ਜਾਵੇਗੀ।

ਆਈ ਓ ਸੀ ਅਤੇ ਸਥਾਨਕ ਪ੍ਰਬੰਧਕਾਂ ਵਿਚਾਲੇ ਤਿੰਨ ਦਿਨਾਂ ਬੈਠਕ ਦੇ ਪਹਿਲੇ ਦਿਨਥਾਮਸ ਬਾਕ ਨੇ ਆਖਿਆ ਕਿ ਇਹ ਮਦਦ ਵੱਖ-ਵੱਖ ਕੌਮੀ ਓਲੰਪਿਕ ਕਮੇਟੀਆਂ ਵੱਲੋਂ ਮਿਲੇਗੀ ਤੇ ਓਲੰਪਿਕ ਪਿੰਡ ਅਤੇ ਖੇਡਾਂ ਦੀਆਂ ਥਾਵਾਂ ਉੱਤੇਦਿੱਤੀ ਜਾਵੇਗੀ। ਬਾਕ ਨੇ ਆਪਣੇ 12 ਮਿੰਟ ਦੇ ਭਾਸ਼ਣ ਵਿੱਚ ਜਾਪਾਨ ਦੇ ਲੋਕਾਂ ਤੇ ਟੋਕੀਓ ਆਉਂਦੇ ਖਿਡਾਰੀਆਂ ਨੂੰ ਭਰੋਸਾ ਦੇਣ ਦੀ ਕੋਸ਼ਿਸ਼ ਕੀਤੀ ਕਿ ਆਈ ਓ ਸੀ ਮਹਾਮਾਰੀ ਦੌਰਾਨ ਸੁਰੱਖਿਅਤ ਓਲੰਪਿਕ ਕਰਵਾਏਗੀ। ਬਾਕ ਨੇ ਕਿਹਾ, 'ਕੁਝ ਕਾਰਨਾਂ ਕਰਕੇ ਅਸੀਂ ਉਨ੍ਹਾਂ (ਖਿਡਾਰੀਆਂ) ਨੂੰ ਹਰ ਗੱਲ ਨਹੀਂ ਦੱਸ ਸਕਦੇ, ਪਰ ਸਭ ਤੋਂ ਖਾਸਹੈ ਕਿ ਓਲੰਪਿਕ ਪਿੰਡ ਸੁਰੱਖਿਅਤ ਹਨ ਤੇ ਓਲੰਪਿਕ ਅਤੇ ਪੈਰਾ-ਓਲੰਪਿਕ ਖੇਡਾਂ ਸੁਰੱਖਿਅਤ ਤਰੀਕੇ ਨਾਲ ਕਰਾਈਆਂ ਜਾਣਗੀਆਂ।

ਓਧਰ ਜਾਪਾਨ ਵਿੱਚ ਰਿਪੋਰਟਾਂ ਮੁਤਾਬਕ ਓਲੰਪਿਕ ਦੇ ਨੁਮਾਇੰਦਾ ਵਫ਼ਦ ਦਾਟੀਕਾਕਰਨ ਜੂਨ ਤੋਂ ਸ਼ੁਰੂ ਹੋਵੇਗਾ। ਜਾਪਾਨ ਵਿੱਚ ਅਜੇ ਤਕ ਸਿਰਫ ਇਕ-ਦੋ ਫ਼ੀਸਦੀ ਲੋਕਾਂ ਦਾ ਟੀਕਾਕਰਨ ਹੋਇਆ ਹੈ ਤੇ ਇਸ ਦੀ ਆਸ ਬੜੀਘੱਟ ਹੈ ਕਿ ਅੱਠ ਅਗਸਤ ਨੂੰ ਓਲੰਪਿਕ ਮੁੱਕਣ ਤੱਕ ਉਸ ਦੇ ਸੀਨੀਅਰ ਨਾਗਰਿਕਾਂ ਦਾ ਪੂਰਾ ਟੀਕਾਕਰਨ ਹੋ ਜਾਵੇ।

## ਭਾਰਤ ਵਿੱਚ 24 ਘੰਟਿਆਂ ਵਿੱਚ ਕੋਰੋਨਾ ਨਾਲ ਰਿਕਾਰਡ 4529 ਲੋਕਾਂ ਦੀ ਮੌਤ

* ਰਾਜਸਥਾਨ ਵਿੱਚ ਕੋਰੋਨਾ ਨਾਲ ਇਕ ਹੋਰ ਵਿਧਾਇਕ ਦੀ ਮੌਤ

ਨਵੀਂ ਦਿੱਲੀ, 19 ਮਈ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਦੇ ਕੇਸਾਂ ਵਿੱਚ ਕਮੀ ਦੀ ਚਰਚਾ ਦੇ ਦੌਰਾਨਪਿਛਲੇ 24 ਘੰਟਿਆਂ ਵਿੱਚਇਸ ਨਾਲ 4529 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ।

ਕੇਂਦਰੀ ਸਿਹਤ ਮੰਤਰਾਲੇ ਦੇ ਤਾਜ਼ਾ ਅੰਕੜਿਆਂ ਮੁਤਾਬਕ ਦੇਸ਼ ਵਿੱਚ ਬੀਤੇ 24 ਘੰਟਿਆਂ ਵਿੱਚ ਕੋਰੋਨਾ ਵਾਇਰਸ ਦੇ



ਕੇਸ 2 ਲੱਖ 67 ਹਜ਼ਾਰ 334 ਕੇਸਮਿ-ਲੇ, ਪਰ ਇਸ ਦੌਰਾਨ ਰਿਕਾਰਡ 4529 ਲੋਕਾਂ ਦੀ ਕੋਰੋਨਾ ਨਾਲ ਮੌਤ ਹੋ ਗਈ ਹੈ। ਭਾਰਤ ਵਿੱਚ ਕੋਰੋਨਾ ਦੀ ਰਿਕਵਰੀ ਨਾਲ ਦੇਸ਼ ਵਿੱਚ ਕੋਰੋਨਾ ਦੇ ਐਕਟਿਵ ਕੇਸ ਤੇਜ਼ੀ ਨਾਲ ਘਟੇ ਦੱਸੇ ਗਏ ਹਨ, ਪਰ ਮੌਤਾਂ ਦੀ ਗਿਣਤੀ ਰਿਕਰਡ ਹੱਦ ਤੋਂ ਟੱਪ ਜਾਣਾ ਚਿੰਤਾ ਦਾ ਵਿਸ਼ਾ ਹੈ।

ਇਸ ਦੌਰਾਨ ਰਾਜਸਥਾਨ ਵਿੱਚ ਕੋਰੋਨਾ ਨਾਲ ਇਕ ਹੋਰ ਵਿਧਾਇਕ ਦੀ ਮੌਤ ਹੋ ਜਾਣਕਾਰਨ ਕੋਰੋਨਾ ਨਾਲ ਮਰਨ ਵਾਲੇ ਵਿਧਾਇਕਾਂ ਦੀ ਗਿਣਤੀ ਚਾਰ ਹੋ ਗਈ ਹੈ। ਪ੍ਰਤਾਪਗੜ੍ਹ ਜ਼ਿਲ੍ਹੇ ਦੀ ਧਰੀਆਵਦ ਸੀਟ ਤੋਂ ਭਾਜਪਾਵਿਧਾਇਕ ਗੌਤਮ ਲਾਲ ਮੀਣਾ ਨੇ ਬੁੱਧਵਾਰ ਸਵੇਰੇ ਉਦੈਪੁਰ ਦੇ ਮਹਾਰਾਣਾ ਭੂਪਾਲ ਹਸਪਤਾਲ ਦੇ ਸੁਪਰ ਸਪੈਸ਼ਿਅਲਟੀ ਵਾਰਡ ਵਿੱਚ ਆਖ਼ਰੀ ਸਾਹ ਲਿਆ। ਉਹ ਪਿਛਲੇ ਇਕ ਹਫ਼ਤੇ ਤੋਂ ਇਥੇ ਦਾਖ਼ਲ ਸਨ, ਪਰ ਤਿੰਨ ਦਿਨ ਪਹਿਲਾਂ ਉਨ੍ਹਾਂ ਦੀ ਤਬੀਅਤ ਵਿਗੜਨ ਲਗ ਪਈ ਤੇ ਉਨ੍ਹਾਂ ਨੂੰ ਵੈਂਟੀਲੇਟਰ ਸਪੋਰਟ ਉੱਤੇ ਰੱਖਿਆ ਗਿਆ ਸੀ। ਇਸ ਤੋਂ ਪਹਿਲਾਂ ਰਾਜਸਮੰਦ ਤੋਂ ਭਾਜਪਾ ਦੀ ਵਿਧਾਇਕ ਕਿਰਨ ਮਾਹੇਸ਼ਵਰੀ, ਭੀਲਵਾੜਾ ਜ਼ਿਲ੍ਹੇ ਦੇ ਸਰਾੜਾ ਤੋਂ ਕਾਂਗਰਸ ਵਿਧਾਇਕ ਕੈਲਾਸ਼ ਤ੍ਰਿਵੇਦੀ ਤੇ ਵੱਲਭਨਗਰ ਉਦੈਪੁਰ ਤੋਂ ਕਾਂਗਰਸ ਵਿਧਾਇਕ ਗਜੇਂਦਰ ਸਿੰਘ ਸ਼ਕਤਾਵਤ ਦੀ ਕੋਰੋਨਾ ਕਾਰਨ ਮੌਤ ਹੋ ਚੁੱਕੀ ਹੈ। ਸਾਬਕਾ ਵਿਧਾਇਕ ਰਾਈਆ ਮੀਣਾ ਨੇ ਵੀ ਬੁੱਧਵਾਰ ਨੂੰ ਉਦੈਪੁਰ ਦੇ ਐੱਮਬੀ ਹਸਪਤਾਲ ਵਿੱਚਕੋਰੋਨਾ ਦੇ ਕਾਰਨ ਦਮ ਤੋੜ ਦਿੱਤਾ ਹੈ।












# ਆਸਟ੍ਰੇਲੀਆ ਦੇ ਨਿਊ ਸਾਊਥ ਵੇਲਜ਼ ਸੂਬੇ ਦੇ ਸਕੂਲਾਂ ਵਿੱਚ ਕਿਰਪਾਨ 'ਤੇ ਪਾਬੰਦੀ ਲੱਗੀ

*** ਸਿੱਖ ਬੱਚੇ ਵੱਲੋਂ ਦੂਸਰੇ ਨੂੰ ਕਿਰਪਾਨ ਮਾਰਨ ਦਾ ਮਾਮਲਾ**

ਸਿਡਨੀ, 19 ਮਈ (ਪੋਸਟ ਬਿਊਰੋ)- ਨਿਊ ਸਾਊਥ ਵੇਲਜ਼ ਸੂਬੇ ਦੇ ਸਕੂਲਾਂ ਵਿੱਚ ਧਾਰਮਿਕ ਚਿੰਨ੍ਹ ਕਿਰਪਾਨ ਨੂੰ ਪਾ ਕੇ ਆਉਣ ਉੱਤੇ ਪਾਬੰਦੀ ਲਾ ਦਿੱਤੀ ਗਈ ਹੈ। 19 ਮਈ ਤੋਂ ਧਾਰਮਿਕ ਪ੍ਰਤੀਕ ਦੇ ਤੌਰ ਉੱਤੇ ਰੱਖੀ ਜਾਂਦੀ ਕਿਰਪਾਨ ਦੀ ਮਨਾਹੀ ਲਾਗੂ ਹੋ ਗਈ ਹੈ, ਜਿਸ ਕਾਰਨ ਇੱਕ ਧਾਰਮਿਕ ਬਹਿਸ ਛਿੜ ਗਈ ਹੈ।

ਵਰਨਣ ਯੋਗ ਹੈ ਕਿ ਛੇ ਮਈ ਨੂੰ ਪੰਜਾਬੀਆਂ ਦੇ ਗੜ੍ਹ ਮੰਨੇ ਜਾਣ ਵਾਲੇ ਗਲੈਨਵੁੱਡ ਦੇ ਹਾਈ ਸਕੂਲ ਵਿਖੇ ਇੱਕ ਅੰਮ੍ਰਿਤਧਾਰੀ 9ਵੀਂ ਜਮਾਤ ਵਿੱਚ ਪੜ੍ਹਦੇ ਬੱਚੇ ਨੇ ਦੂਸਰੇ ਵਿਦਿਆਰਥੀ ਦੇ ਢਿੱਡ ਵਿੱਚ ਕਿਰਪਾਨ ਮਾਰ ਦਿੱਤੀ ਸੀ। ਜ਼ਖ਼ਮੀ ਵਿਦਿਆਰਥੀ ਖ਼ਤਰੇ ਤੋਂ ਬਾਹਰ ਹੈ। ਇਸ ਰਾਜ ਦੀ ਸਿੱਖਿਆ ਮੰਤਰੀ ਸਾਰਾ ਮਿਸ਼ੈਲ ਨੇ ਕਿਹਾ ਕਿ ਇਹ ਸਖ਼ਤ ਕਦਮ ਉਨ੍ਹਾਂ ਨੂੰ ਇਸ ਲਈ ਚੁੱਕਣਾ ਪਿਆ ਕਿ ਦੁਬਾਰਾ ਅਜਿਹੀਆਂ ਘਟਨਾਵਾਂ ਨਾ ਵਾਪਰਨ।



ਵਰਨਣ ਯੋਗ ਹੈ ਕਿ ਦਸਤਾਰਧਾਰੀ ਬੱਚੇ ਨੂੰ ਦਸਤਾਰ ਤੇ ਦਾੜ੍ਹੀ ਉਤੇ ਨਸਲੀ ਟਿੱਪਣੀਆਂ ਦਾ ਸ਼ਿਕਾਰ ਹੋਣਾ ਪਿਆ ਸੀ। ਦੂਸਰੇ ਪਾਸੇ ਪੰਜਾਬੀ ਭਾਈਚਾਰੇ ਵਿੱਚ ਇਸ ਪਾਬੰਦੀਬਾਰੇ ਕਾਫ਼ੀ ਰੋਸ ਪਾਇਆ ਜਾ ਰਿਹਾ ਹੈ। ਬਲਵਿੰਦਰ ਸਿੰਘ ਚਾਹਲ ਨੇ ਇਸ ਬਾਰੇ ਕਿਹਾ ਕਿ ਸਰਕਾਰ ਨੂੰ ਇਸ ਕਾਨੂੰਨ ਦਾ ਬਦਲਾਅ ਕਰਨ ਤੋਂ ਪਹਿਲਾਂ ਪੰਜਾਬੀ ਭਾਈਚਾਰੇ ਤੇ ਪ੍ਰਮੁੱਖ ਜਥੇਬੰਦੀਆਂ ਨਾਲ ਜ਼ਰੂਰ ਗੱਲਬਾਤ ਕਰਨੀ ਚਾਹੀਦੀ ਸੀ। ਇਹ ਕਾਨੂੰਨ ਸਕੂਲ ਵਿੱਚ ਬੱਚਿਆਂ ਦੇ ਨਾਲ-ਨਾਲ ਅਧਿਆਪਕਾਂ ਅਤੇ ਹੋਰਨਾਂ ਕਰਮਚਾਰੀਆਂ 'ਤੇ ਵੀ ਲਾਗੂ ਹੋ ਰਿਹਾ ਹੈ।





Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer** | Aman Warraich |
| **Marketing:** | Sajandeep Singh |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਬਾਇਡੇਨ ਤੋਂ ਕਈ ਗੁਣਾ ਵੱਧ ਕਮਾਈ ਹੈ ਕਮਲਾ ਹੈਰਿਸ ਦੀ



ਵਾਸ਼ਿੰਗਟਨ, 19 ਮਈ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ, ਉਨ੍ਹਾਂ ਦੀ ਪਤਨੀ ਜ਼ਿਲ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਅਤੇ ਉਨ੍ਹਾਂ ਦੇ ਪਤੀ ਡਗਲੱਸ ਨੇ 2020 ਦੀ ਆਪਣੀ ਆਮਦਨ ਦੀ ਰਿਟਰਨ ਐਲਾਨ ਦਿੱਤੀ ਗਈ ਹੈ। ਇਸ ਰਿਟਰਨ ਮੁਤਾਬਕ ਕਮਲਾ ਹੈਰਿਸ ਜੋਅ ਬਾਇਡੇਨ ਦੀ ਆਮਦਨ ਤੋਂ ਢਾਈ ਗੁਣਾ ਤੋਂ ਵੱਧ ਕਮਾਉਂਦੇ ਹਨ। ਰਾਸ਼ਟਰਪਤੀ ਬਾਇਡੇਨ ਦੀ ਜਿੰਨੀ ਕੁੱਲ ਆਮਦਨ ਹੈ, ਉਸ ਤੋਂ ਜ਼ਿਆਦਾ ਉਹ ਟੈਕਸ ਦਿੰਦੇ ਹਨ। ਬਾਇਡੇਨ ਦੀ 2019 ਦੇ ਮੁਕਾ-ਬਲੇ ਪਿਛਲੇ ਸਾਲ ਆਮਦਨ ਵੀ ਘੱਟ ਗਈ ਹੈ।

ਵ੍ਹਾਈਟ ਹਾਊਸ ਦੇ ਮੁਤਾਬਕ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਤੇ ਉਨ੍ਹਾਂ ਦੀ ਪਤਨੀ ਜਿਲ ਨੇ 2020 ਵਿੱਚ ਲਗਭਗ ਛੇ ਲੱਖ ਸੱਤ ਹਜ਼ਾਰ ਡਾਲਰ ਦੀ ਕਮਾਈ ਕੀਤੀ ਹੈ। 2019 ਵਿੱਚ ਇਸ ਜੋੜੇ ਦੀ ਆਮਦਨ ਨੌਂ ਲੱਖ 85 ਹਜ਼ਾਰ ਡਾਲਰਸੀ। 2019 ਦੇ ਮੁਕਾਬਲੇ ਪਿਛਲੇ ਸਾਲ ਉਨ੍ਹਾਂ ਦੀ ਆਮਦਨ ਉੱਤੇ 25.9 ਫੀਸਦੀ ਟੈਕਸ ਦਰ ਰਹੀ। ਦੂਸਰੇ ਪਾਸੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਤੇ ਉਨ੍ਹਾਂ ਦੇ ਪਤੀ ਡਗਲੱਸ ਐਮਹਾਫ ਦੀ ਆਮਦਨ 2020 ਵਿੱਚ ਲਗਭਗ 17 ਲੱਖ ਡਾਲਰ ਰਹੀ। ਇਸ ਜੋੜੇ ਨੇ ਸਰਕਾਰ ਨੂੰ ਛੇ ਲੱਖ 21 ਹਜ਼ਾਰ ਡਾਲਰ ਟੈਕਸ ਦਿੱਤਾ। ਉਨ੍ਹਾਂ ਦੀ ਟੈਕਸ ਦਰ 36.7 ਫੀਸਦੀ ਰਹੀ। ਅਮਰੀਕੀ ਰਾਸ਼ਟਰਪਤੀ ਤੇ ਉਨ੍ਹਾਂ ਦੀ ਪਤਨੀ ਦੀ ਜਿੰਨੀ ਕਮਾਈ ਹੈ, ਉਸ ਤੋਂ ਵੱਧ ਕਮਲਾ ਹੈਰਿਸ ਨੇ ਸਵਾ ਲੱਖ ਡਾਲਰ ਦਾ ਟੈਕਸ ਕੈਲੀਫੋਰਨੀਆ ਵਿੱਚ ਤੇ ਉਨ੍ਹਾਂ ਦੇ ਪਤੀ ਨੇ 56 ਹਜ਼ਾਰ ਡਾਲਰ ਦਾ ਟੈਕਸ ਕੋਲੰਬੀਆ ਵਿੱਚ ਦਿੱਤਾ ਹੈ। ਉਨ੍ਹਾਂ ਨੇ 27 ਹਜ਼ਾਰ ਡਾਲਰ ਦਾਨ ਵਿੱਚ ਵੀ ਦਿੱਤੇ। ਅਮਰੀਕੀ ਰਾਸ਼ਟਰਪਤੀ ਤੇ ਉਨ੍ਹਾਂ ਦੀ ਪਤਨੀ ਨੇ ਵੀ ਦਾਨ ਵਿੱਚ ਤੀਹ ਹਜ਼ਾਰ ਡਾਲਰ ਦਿੱਤੇ ਹਨ, ਯਾਨੀ ਆਪਣੀ ਆਮਦਨ ਦਾ 5.1 ਫੀਸਦੀ ਉਨ੍ਹਾਂ ਨੇ ਦਾਨ ਵਿੱਚ ਦਿੱਤਾ ਹੈ।

# ਉਚ ਸਿੱਖਿਆ ਲਈ ਅਮਰੀਕਾ ਨੂੰ ਪਸੰਦ ਕਰਦੇ ਨੇ 67 ਫੀਸਦੀ ਭਾਰਤੀ

ਨਵੀਂ ਦਿੱਲੀ, 19 ਮਈ (ਪੋਸਟ ਬਿਊਰੋ)- ਵਿਦੇਸ਼ ਵਿੱਚ ਸਿੱਖਿਆ ਲੈਣ ਲਈ ਕਰੀਬ 67 ਫੀਸਦੀ ਭਾਰਤੀ ਵਿਦਿਆਰਥੀ ਅਮਰੀਕਾ ਨੂੰ ਪਸੰਦ ਕਰਦੇ ਹਨ। ਇਹ ਦਾਅਵਾ ਫਿਨ-ਟੇਕ ਪਲੇਟਫਾਰਮ ਪ੍ਰੋਡੀਜੀ ਫਾਈਨੈਂਸ ਦੀ ਇੱਕ ਨਵੀਂ ਰਿਪੋਰਟ ਵਿੱਚ ਕੀਤਾ ਗਿਆ ਹੈ, ਜਿਸ ਨੇ ਸਭ ਦੀ ਦਿਲਚਸਪੀ ਜਗਾਈ ਹੈ।

ਸਟੇਟ ਆਫ ਹਾਇਰ ਐਜੂਕੇਸ਼ਨ ਇਨ ਸਟੱਡੀ ਅਬਰਾਡ ਮਾਰਕੀਟ ਦੀ ਰਿਪੋਰਟ ਤੋਂ ਪਤਾ ਲੱਗਾ ਹੈ ਕਿ ਅਮਰੀਕਾ ਦੇ ਇਲਾਵਾ ਭਾਰਤੀ ਵਿਦਿਆਰਥੀ ਵਿਦੇਸ਼ ਵਿੱਚ ਮਾਸਟਰ ਡਿਗਰੀ ਕਰਨ ਦੇ ਲਈ ਯੂ ਕੇ ਤੇ ਫਰਾਂਸ ਪਸੰਦ ਕਰਦੇ ਹਨ। ਇਨ੍ਹਾਂ ਦੋਵਾਂ ਦੇਸ਼ਾਂ ਦਾ ਹਿੱਸਾ ਅੱਠ ਫੀਸਦੀ ਹੈ। ਉਚ ਸਿੱਖਿਆ ਲਈ ਵਿਦੇਸ਼ ਜਾਂਦੇਬਹੁਤੇ ਵਿਦਿਆਰਥੀ ਮਹਾਰਾਸ਼ਟਰ (20 ਫੀਸਦੀ), ਕਰਨਾਟਕ (15 ਫੀਸਦੀ), ਦਿੱਲੀ (12 ਫੀਸਦੀ) ਅਤੇ ਤੇਲੰਗਾਨਾ (ਅੱਠ ਫੀਸਦੀ) ਹਨ। ਰਿਪੋਰਟ ਵਿੱਚ



ਕਿਹਾ ਗਿਆ ਕਿ ਪਿਛਲੇ ਸਾਲ ਉਚ ਸਿੱਖਿਆ ਲਈ ਵਿਦੇਸ਼ ਯਾਤਰਾ ਕਰਨ ਵਾਲੇ ਲਗਭਗ ਸੱਤਰ ਫੀਸਦੀ ਮਰਦ ਸਨ ਤੇ 30 ਫੀਸਦੀ ਔਰਤਾਂ ਹਨ। ਖੋਜ ਵਿੱਚ ਪਤਾ ਲੱਗਾ ਕਿ ਇੰਜੀਨੀਅਰਿੰਗ ਸਿਲੇਬਸ ਲਈ ਨਾਰਥ ਈਸਟਰਨ ਯੂਨੀਵਰਸਿਟੀ ਅਰਲਿੰਗਟਨ ਵਿੱਚ ਟੈਕਸਾਸ ਯੂਨੀਵਰਸਿਟੀ ਤੇ ਸਟੀਵਨਸ ਇੰਸਟੀਚਿਊਟ ਆਫ ਟੈਕਨਾਲੋਜੀ ਸਭ ਤੋਂ ਵੱਧ ਪਸੰਦ ਵਾਲੇਹਨ। ਐਮ ਬੀ ਏ ਪ੍ਰੋਗਰਾਮ ਲਈ ਜਾਰਜ ਟਾਊਨ ਯੂਨੀਵਰਸਿਟੀ, ਟੋਰਾਂਟੋ ਯੂਨੀਵਰਸਿਟੀ ਅਤੇ ਰੋਚੈਸਟਰ ਯੂਨੀਵਰਸਿਟੀ ਸਭ ਤੋਂ ਪਸੰਦ ਦੇ ਅਦਾਰੇਹਨ। 2019 ਦੇ ਮੁਕਾਬਲੇ ਵਿੱਚ 2020 ਵਿੱਚ ਅਰਜ਼ੀਆਂ ਵਿੱਚ 4.1 ਫੀਸਦੀ ਵਾਧਾ ਹੋਇਆ। 2020 ਵਿੱਚ ਪ੍ਰੋਡੀਜੀ ਫਾਈਨੈਂਸ ਨੇ ਹਰੇਕ ਵਿਦਿਆਰਥੀ ਨੂੰ ਉਚ ਸਿੱਖਿਆ ਦੇ ਲਈ ਕਰਜ਼ੇ ਵਜੋਂ ਲਗਭਗ ਤੀਹ ਲੱਖ ਰੁਪਏ ਵੰਡੇ ਹਨ। ਸਾਲ 2020 ਵਿੱਚ ਦੁਨੀਆ ਭਰ ਦੇ ਵਿਦਿਆਰਥੀਆਂ, ਮਾਪਿਆਂ ਅਤੇ ਵਿਦਿਅਕ ਸੰਸਥਾਵਾ ਲਈ ਕਈ ਚੁਣੌਤੀਆਂ ਸਨ। ਪ੍ਰੋਡੀਜੀ ਫਾਈਨੈਂਸ ਵੱਲੋਂ ਭਾਰਤ ਦੇ ਹੈਡ ਮਯੰਕ ਸ਼ਰਮਾ ਨੇ ਕਿਹਾ ਕਿ 2021 ਵਿੱਚ ਅੰਤਰਰਾਸ਼ਟਰੀ ਸਰਹੱਦਾਂ ਹੌਲੀ-ਹੌਲੀ ਫਿਰ ਖੁੱਲ੍ਹਣ ਲੱਗੀਆਂ ਹਨ ਅਤੇ ਟੀਕਾਕਰਨ ਮੁਹਿੰਮ ਦੇਖ ਕੇ ਕੈਂਪਸ ਲਰਨਿੰਗ ਅਗਲੀ ਤਿਮਾਹੀ ਵਿੱਚ ਆਸ਼ਾਜਨਕ ਹੈ, 2020 ਦੇ ਮੁਕਾਬਲੇ ਵਿੱਚ 2021 ਵਿੱਚ 30-35 ਫੀਸਦੀ ਦੇ ਵਾਧੇ ਦੀ ਉਮੀਦ ਹੈ।







# ਭਾਰਤ ਦੇ ਉੱਘੇ ਡਾਕਟਰ ਅਗਰਵਾਲ ਦਾ ਕੋਰੋਨਾ ਨਾਲ ਦਿਹਾਂਤ

ਨਵੀਂ ਦਿੱਲੀ, 19 ਮਈ (ਪੋਸਟ ਬਿਊਰੋ)- ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਅਤੇ ਹਾਰਟ ਕੇਅਰ ਫਾਊਂਡੇਸ਼ਨ ਦੇ ਮੁਖੀਅਤੇ ਪਦਮਸ੍ਰੀ ਡਾਕਟਰ ਕੇ ਕੇ ਅਗਰਵਾਲ (62) ਦਾ ਕੋਰੋਨਾ ਨਾਲ ਦਿਹਾਂਤ ਹੋ ਗਿਆ।

ਡਾ. ਕੇ ਕੇ ਅਗਰਵਾਲ ਦਾ ਪਿਛਲੇ ਹਫ਼ਤੇ ਤੋਂ ਏਮਜ਼ ਵਿੱਚ ਇਲਾਜ ਚੱਲ ਰਿਹਾ ਸੀ ਅਤੇ ਪਿਛਲੇ ਤਿੰਨ ਦਿਨਾਂ ਤੋਂ ਉਨ੍ਹਾਂ ਨੂੰ ਵੈਂਟੀਲੇਟਰ ਉੱਤੇ ਰੱਖਿਆ ਗਿਆ ਸੀ। ਉਨ੍ਹਾਂ ਨੇ ਵੈਕਸੀਨ ਦੀਆਂ ਦੋਵੇਂ ਖੁਰਾਕਾਂ ਲਈਆਂ ਹੋਈਆਂ ਸੀ, ਫਿਰ ਵੀ ਕੋਰੋਨਾ ਦਾ ਸ਼ਿਕਾਰ ਹੋ ਗਏ। ਜਦੋਂ ਉਹ ਏਮਜ਼ ਦੇ ਆਈ ਸੀ ਯੂ ਵਿੱਚ ਦਾਖ਼ਲ ਸਨ ਤਾਂ ਉਨ੍ਹਾਂ ਆਪਣੇ ਟਵਿੱਟਰ ਅਕਾਊਂਟ ਉੱਤੇ ਇਸ ਦੀ ਜਾਣਕਾਰੀ ਦਿੱਤੀ ਸੀ ਕਿ ਉਹ ਕੋਰੋਨਾ ਤੋਂ ਪੀੜਤ ਹੋ ਗਏ ਹਨ। ਉਹ ਕੋਰੋਨਾ ਪਾਜ਼ੀਟਿਵ ਹੋਣਮਗਰੋਂ ਵੀ ਮਰੀਜ਼ਾਂ ਨੂੰ ਆਨਲਾਈਨ ਸਲਾਹ-ਮਸ਼ਵਰਾ ਦਿੰਦੇ ਰਹੇ। ਉਨ੍ਹਾਂ ਦੇ ਚਿਹਰੇ ਉੱਤੇ ਉਦਾਸੀ ਦੇ ਚਿੰਨ੍ਹ ਨਜ਼ਰ



ਨਹੀਂ ਆਏ। ਉਨ੍ਹਾਂ ਨੂੰ ਸਾਲ 2010 ਵਿੱਚ ਪਦਮਸ੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ। ਉਹ ਆਰਥਿਕ ਰੂਪ 'ਚ ਕਮਜ਼ੋਰ ਲੋਕਾਂ ਦਾ ਮੁਫ਼ਤ ਇਲਾਜ ਕਰਦੇ ਸਨ। ਡਾ. ਕੇ ਕੇ ਅਗਰਵਾਲ ਦੇ ਪਿਤਾ ਮੱਧ ਪ੍ਰਦੇਸ਼ ਦੇ ਵਸਨੀਕ ਸਨ ਜੋ ਦਿੱਲੀ ਵਿਖੇ ਨੌਕਰੀ ਕਰਨ ਆਏ ਸਨ। ਉਹ ਦਿਲ ਦੇ ਦੌਰੇ ਲਈ ਸੈਟਰਪਿਟੋਕਿਨੇਸ ਥੈਰੇਪੀ ਦੀ ਵਰਤੋਂ ਕਰਦੇ ਸਨ ਅਤੇ ਉਨ੍ਹਾਂ ਭਾਰਤ ਵਿੱਚ ਕਲਰ ਡਾਪਲਰ ਇਕੋਕਾਰਡੀਓਗ੍ਰਾਫੀ ਦੀ ਤਕਨੀਕ ਦੀ ਸ਼ੁਰੂਆਤ ਕੀਤੀ ਸੀ। ਉਨ੍ਹਾਂ ਨੂੰ 2005 ਵਿੱਚ ਮੈਡੀਕਲ ਸ਼੍ਰੇਣੀ ਦੇ ਸਰਬਉਚ ਇਨਾਮ ਡਾ. ਬੀ ਸੀ ਰਾਏ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਸੀ।


BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
- AZ Tractor trailer program
- Manual transmission & backup training everyday
- We welcome welfare workers & compensation clients


Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8



# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224





# ਖੇਡ ਮੇਲਿਆਂ ਦਾ ਸ਼ਿੰਗਾਰ ਮੱਖਣ ਬਰਾੜ

-ਪ੍ਰਿੰ. ਸਰਵਣ ਸਿੰਘ

'ਆਗੇ ਨੇ ਖਿਡਾਰੀ ਵੇਖੋ ਖਿੱਚ ਕੇ ਤਿਆਰੀਆਂ, ਖਾਧੀਆਂ ਖੁਰਾਕਾਂ ਨਾਲੇ ਮਿਹਨਤਾਂ ਵੀ ਮਾਰੀਆਂ' ਵਰਗੇ ਗੀਤ ਲਿਖਣ ਵਾਲਾ ਮੱਖਣ ਬਰਾੜ ਖੇਡ ਮੇਲਿਆਂ ਦਾ ਸ਼ਿੰਗਾਰ ਹੈ। ਉਸ ਨੇ ਪੁਸਤਕ 'ਮੱਖਣ ਬਰਾੜ ਦੀ ਵਿਰਾਸਤ' ਲਿਖੀ ਹੈ। ਉਹ ਕਬੱਡੀ ਦਾ ਪਹਿਲਾ ਗੀਤਕਾਰ ਹੈ ਜੀਹਦੀ ਰੀਸ ਨਾਲ ਕਈਆਂ ਨੇ ਕਬੱਡੀ ਗੀਤ ਲਿਖਣੇ ਸ਼ੁਰੂ ਕੀਤੇ। ਕਬੱਡੀ ਟੂਰਨਾਮੈਂਟਾਂ 'ਚ ਉਹ ਦੇ ਸ਼ਿਅਰ ਪੈਸਿਆਂ ਬਦਲੇ ਕਲੱਬ ਬਦਲਣ ਵਾਲੇ ਚੁਫੇਰਗੜ੍ਹੀਏ ਖਿਡਾਰੀਆਂ ਨੂੰ ਵੀ ਨਹੀਂ ਬਖਸ਼ਦੇ:

*ਪਹਿਲਾਂ ਹੁੰਦਾ ਸੀ ਕਬੱਡੀ ਦਾ ਮੁੱਲ*
*ਕੌਡੀ, ਢਿੱਡੋਂ ਜਾਈ ਇਹ ਖੇਡ ਸੀ ਘਰ*
*ਘਰ ਦੀ*
*ਖਿਡਾਰੀ ਜਾਂਦੇ ਸੀ ਬੱਸਾਂ/ਸਾਈਕਲਾਂ*
*'ਤੇ, ਹੁਣ ਸੁੱਖ ਨਾਲ ਜਹਾਜ਼ਾਂ 'ਤੇ ਫਿਰੇ*
*ਚੜ੍ਹਦੀ*
*ਤਕੜੇ ਪਲੇਅਰ ਦਾ ਚੋਖਾ ਹੈ ਮੁੱਲ*
*ਪੈਂਦਾ, ਤਕੜੀ ਕਲੱਬ ਹੀ ਓਸ ਨੂੰ*
*ਸਾਈਨ ਕਰਦੀ*
*ਮੱਖਣ ਬਰਾੜਾ ਖਿਡਾਰੀ ਪਰ ਇਉਂ ਹੋ*
*ਗੇ, ਆਂਡੇ ਕਿਤੇ ਤੇ ਕੁੜ-ਕੁੜ ਕਿਤੇ*
*ਕਰਦੀ!*

ਮੱਖਣ ਬਰਾੜ ਦੀ ਮਹਿਮਾਂ ਉਹਦੇ ਪਹਿਲੇ ਹੀਗੀਤ:ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ, ਮੂਲੀ ਨਾਲ ਗੰਢਾ ਹੋਵੇ, ਵਾਣ ਵਾਲਾ ਮੰਜਾ ਹੋਵੇ,ਮੰਜੇ ਉਤੇ ਬੈਠਾ ਜੱਟ ਬਣਿਆ ਨਵਾਬ ਹੋਵੇ, ਆਪਣਾ ਪੰਜਾਬ ਹੋਵੇ...ਨਾਲ ਹੋਣੀ ਸ਼ੁਰੂ ਹੋ ਗਈ ਸੀ। ਇਹ ਗੀਤ ਮਹਿਫ਼ਲਾਂ ਵਿਚ ਵਾਰ ਵਾਰ ਗਾਇਆ ਜਾਣ ਲੱਗਾ।ਦੇਸ਼ ਵਿਦੇਸ਼ ਵਿਚ 'ਆਪਣਾ ਪੰਜਾਬ-ਆਪਣਾ ਪੰਜਾਬ' ਹੋਣ ਲੱਗੀ।ਇਉਂ ਇਸ ਗੀਤ ਦੀ ਉਮਰ ਲੋਕ ਗੀਤ ਵਾਂਗ ਲੰਮੀ ਹੋ ਗਈ।

ਇਸ ਗੀਤ ਦੇ ਪਿਛੋਕੜ ਬਾਰੇ ਮੱਖਣ ਬਰਾੜ ਦੱਸਦਾ ਹੈ ਕਿ ਪੰਜਾਬ ਤੋਂ ਕੈਨੇਡਾ ਜਾ ਕੇ ਉਹਦਾ ਜੀਅ ਨਹੀਂ ਸੀ ਲੱਗਦਾ। ਉਦਰੇਵੇਂ ਵਿਚ ਉਹਨੇ ਮਾਂ ਨੂੰ ਪਹਿਲੀ ਚਿੱਠੀ ਲਿਖੀ ਕਵਿਤਾ ਵਿਚ ਹੀ ਲਿਖੀ। ਲਿਖਿਆ, ਮਾਂ ਮੈਨੂੰ ਤੇਰਾ ਬਣਾਇਆ ਸਾਗ ਯਾਦ ਆਉਂਦਾ, ਕੂੰਡੇ 'ਚ ਰਗੜੀ ਚਟਣੀ ਚੇਤੇ ਆਉਂਦੀ ਐ, ਘਰ ਦੇ ਕੱਟੇ-ਵੱਛੇ ਤੇ ਕੰਧਾਂ ਬਨੇਰੇ ਯਾਦ ਆਉਂਦੇ ਐ...। ਸਬੱਬੀਂ ਉਹਦਾ ਮਿੱਤਰ ਸਿਆਟਲ ਤੋਂ ਉਹਨੂੰ ਮਿਲਣ ਟੋਰਾਂਟੋ ਆ ਗਿਆ। ਦੋਹੇਂ ਖਾਂਦੇ ਪੀਂਦੇ ਪੰਜਾਬ ਦੀਆਂ ਗੱਲਾਂ ਕਰਨ ਲੱਗ ਪਏ। ਗੰਨੇ ਚੂਪਣ ਦੀਆਂ ਗੱਲਾਂ, ਸ਼ਰਾਬ ਕੱਢਣ ਦੀਆਂ, ਬਿਨਾਂ ਗਿਣੇ ਰੋਟੀਆਂ ਖਾਣ ਦੀਆਂ, ਗੰਢਿਆਂ ਮੂਲੀਆਂ ਦੀਆਂ ਤੇ ਵਾਣ ਦੇ ਮੰਜੇ 'ਤੇ ਲਮਲੇਟ ਹੋ ਜਾਣ ਦੀਆਂ ਗੱਲਾਂ। ਤੜਕੇ ਉਠਦਿਆਂ ਉਹਨੇ ਗੀਤ ਜੋੜ ਲਿਆ: ਆਪਣਾ ਪੰਜਾਬ ਹੋਵੇ...। ਉੱਦਣ ਹੀ ਟੋਰਾਂਟੋ ਗੁਰਦਾਸ ਮਾਨ ਦਾ ਸ਼ੋਅ ਸੀ। ਉਹ ਪਰਮਜੀਤ ਸਿੱਧੂ ਕੋਲ ਠਹਿਰਿਆ ਹੋਇਆ ਸੀ। ਮੱਖਣ ਸਿਓਂ ਪਰਮਜੀਤ ਕੋਲ ਆਉਂਦਾ ਜਾਂਦਾ ਰਹਿੰਦਾ ਸੀ। ਉਸ ਨੇ ਬਰਾੜ ਨੂੰ ਕੁਝ ਸੁਣਾਉਣ ਲਈ ਕਿਹਾ ਤਾਂ ਉਸ ਨੇ ਤਾਜ਼ਾ ਲਿਖਿਆ ਗੀਤ ਸੁਣਾ ਦਿੱਤਾ ਜੋ ਗੁਰਦਾਸ ਮਾਨ ਨੂੰ ਪਸੰਦ ਆ ਗਿਆ। ਉਹੀ ਗੀਤ ਗੁਰਦਾਸ ਮਾਨ ਨੇ ਸ਼ੋਅ ਵਿਚ ਗਾਇਆ ਤਾਂਲੋਕਾਂ ਦੇ ਸਿਰ ਚੜ੍ਹ ਗਿਆ। ਫਿਰ ਗੁਰਦਾਸ ਮਾਨ ਜਿਥੇ ਵੀ ਗਾਉਂਦਾ ਸਰੋਤਿਆਂ ਦੀ ਮੰਗ ਉਤੇ 'ਆਪਣਾ ਪੰਜਾਬ' ਦੋ ਤਿੰਨ ਵਾਰ ਗਾਉਣਾ ਪੈਂਦਾ। ਗੀਤ ਦੀ ਏਨੀ ਮੰਗ ਵੇਖ ਕੇ ਗੁਰਦਾਸ ਮਾਨ ਨੇ ਇਹ ਗੀਤ ਰਿਕਾਰਡ ਕਰਵਾ ਦਿੱਤਾ।

ਮੱਖਣ ਬਰਾੜ ਨੇ ਲਿਖਿਆ ਸੀ: ਪਿੰਡ ਦੀਆਂ ਗੱਲਾਂ ਪੁੱਛਾਂ ਆਪਣੇ ਮੈਂ ਹਾਣੀ ਕੋਲੋਂ, ਕਿੱਦਾਂ ਦੀ ਮਹਿਕ ਆਉਂਦੀ ਤੇਲੀਆਂ ਦੀ ਰਾਣੀ ਕੋਲੋਂ। ਮਾਨ ਨੇ ਰਿਕਾਰਡ ਕਰਵਾਇਆ: ਆਪਣੇ ਗਰਾਂਈਂ ਕੋਲੋਂ ਹਾਲ ਪੁੱਛਾਂ ਪਿੰਡ ਦਾ, ਮਰ ਜਾਣੇ ਮਾਨਾਂ ਕਿਉਂ ਪੰਜਾਬ ਜਾਂਦਾ ਖਿੰਡਦਾ। ਇਉਂ ਮਾਨ ਦਾ ਨਾਂ ਵੀ ਗੀਤ ਵਿਚ ਰਿਕਾਰਡ ਹੋ ਗਿਆ। ਚੋਟੀ ਦੇ ਗਾਇਕਗੁਰਦਾਸ ਮਾਨ ਵੱਲੋਂ ਗਾਏ ਜਾਣ ਨਾਲ ਇਸ ਗੀਤ ਦੀ ਗੂੰਜਦੂਰ-ਦੂਰ ਤਕ ਪਹੁੰਚ ਗਈ। ਰਹਿੰਦੀ ਕਸਰ ਉਹਦੇ ਕਬੱਡੀ ਦੇ ਪਲੇਠੇਗੀਤ 'ਸਿੰਗ ਫਸਗੇ ਕੁੰਢੀਆਂ ਦੇ, ਮਿੱਤਰਾ ਬਹਿਜਾ ਗੋਡੀ ਲਾ ਕੇ' ਨੇ ਕੱਢ ਦਿੱਤੀ।

ਹੁਣ ਹਰਜੀਤ ਬਾਜਾਖਾਨਾ ਦੇ ਕਬੱਡੀ ਟੂਰਨਾਮੈਂਟ ਤੋਂ ਲੈ ਕੇ ਦੇਸ਼ ਵਿਦੇਸ਼ ਦੇ ਪੰਜਾਬੀ ਖੇਡ ਮੇਲਿਆਂ 'ਚ ਪਈ 'ਮੱਖਣ ਬਰਾੜ, ਮੱਖਣ ਬਰਾੜ' ਹੁੰਦੀ ਹੈ। ਜਿੰਨੇ ਕੁ ਖੇਡ ਮੇਲੇ ਮੈਂ ਤੇ ਪ੍ਰੋ. ਮੱਖਣ ਸਿੰਘ ਨੇ ਵੇਖੇ ਨੇ ਓਨੇ ਕੁ ਖੇਡ ਮੇਲਿਆਂ 'ਚ ਮੱਖਣ ਬਰਾੜ ਵੀ ਹਾਜ਼ਰੀ ਲੁਆ ਚੁੱਕਾ ਹੈ। ਅਸੀਂ ਉਥੇਮੈਚਾਂ ਦੀ ਕੁਮੈਂਟਰੀ ਕਰਦੇਤੇ ਉਹ ਸ਼ਿਅਰੋ ਸ਼ਾਇਰੀ ਸੁਣਾ ਕੇ ਦਰਸ਼ਕਾਂ ਦਾ ਮਨੋਰੰਜਨ ਕਰਦਾ। ਕੈਨੇਡਾ ਜਾਣ ਤੋਂ ਪਹਿਲਾਂ ਉਹ ਪੱਗ ਬੰਨ੍ਹਦਾ ਸੀ ਪਰ ਕੈਨੇਡਾ ਜਾ ਕੇ ਪਟੇ ਰੱਖ ਲਏ ਸਨ। ਸੱਠਾਂ ਸਾਲਾਂ ਦਾ ਹੋ ਕੇ ਫਿਰ ਦਸਤਾਰ ਸਜਾਉਣ ਲੱਗ ਪਿਆ।ਪਟਿਆਂ ਉਤੋਂ ਦੀ ਪੱਗ ਬੰਨ੍ਹ ਕੇ ਕੈਨੇਡਾ ਕਬੱਡੀ ਕੱਪ 'ਚ ਪੁੱਜਾ ਤਾਂ ਜਾਂਦਿਆਂ ਸ਼ਿਅਰ ਸੁਣਾਇਆ:

ਹੋਵੇ ਬਦਲਣਾ ਆਪਣੇ ਆਪ ਨੂੰ ਜੇ,
ਵੱਡੀ ਗੱਲ ਨਹੀਂ ਐਵੇਂ ਪਹਾੜ ਲੱਗਦਾ
ਬਿਨਾਂ ਵਰਦੀ ਦੇ ਲੱਗਦਾ ਆਮ ਬੰਦਾ,
ਵਰਦੀ ਪਾਈ ਤੋਂ ਹੀ ਠਾਣੇਦਾਰ ਲੱਗਦਾ
ਕੀਹਦਾ ਪੁੱਤ ਇਹ ਕੀਹਦਾ ਹੋਊ ਪੋਤਾ,
ਬੰਨ੍ਹੀ ਪੱਗ ਜੇ ਹੋਵੇ ਸਰਦਾਰ ਲੱਗਦਾ
ਪਹਿਲਾਂ ਦੇਖਣ ਨੂੰ ਗੰਜਾ ਜਾ ਲੱਗਦਾ ਸੀ,
ਹੁਣ ਦੇਖੋ ਖਾਂ ਮੱਖਣ ਬਰਾੜ ਲੱਗਦਾ!

ਇਸ ਤਰ੍ਹਾਂ ਦੀ ਟੋਟਕੇਬਾਜ਼ੀ ਨਾਲ ਉਹ ਸਰੋਤਿਆਂ ਦਾ ਜੀਅ ਪਰਚਾਉਂਦਾ ਰਹਿੰਦਾ ਹੈ:

*ਪੈਸੇ ਕੱਢ ਕੇ ਬਾਪੂ ਦੀ ਜੇਬ ਵਿਚੋਂ,*
*ਬੋਤਲ ਠੇਕੇ ਤੋਂ ਪੀਵਣੀ ਬੜੀ ਸੌਖੀ*
*ਪੱਲਿਓਂ ਪੀਂਦੇ ਜੋਪੀਣੀ ਛੱਡ ਜਾਂਦੇ,*
*ਮਿਲੇ ਮੁਫ਼ਤ ਤਾਂ ਛੱਡਣੀ ਬੜੀ ਔਖੀ*
*ਬਿਨਾਂ ਟੀਕੇ ਦੇ ਕੌਡੀ ਨਾ ਖੇਡ ਹੁੰਦੀ,*
*ਟੀਕਾ ਲਾਏ ਤੋਂ ਖੇਡਣੀ ਬੜੀ ਸੌਖੀ*
*ਸੌਖੀ ਮੱਝ ਨਾਕੱਢਣੀਛੱਪੜ ਵਿਚੋਂ,*
*ਤੀਵੀਂਹੱਟੀ 'ਚੋਂ ਕੱਢਣੀ ਬੜੀ ਔਖੀ!*

1995 'ਚ ਹੇਵਰਡ ਯੂਨੀਵਰਸਿਟੀ ਦੇ ਸਟੇਡੀਅਮ ਵਿਚ 'ਕੈਲੇਫੋਰਨੀਆ ਕਬੱਡੀ ਕੱਪ' ਹੋ ਰਿਹਾ ਸੀ। ਮੈਂ ਤੇ ਦਾਰਾਗਰੇਵਾਲ ਉਥੇ ਕਬੱਡੀ ਮੈਚਾਂ ਦੀ ਕੁਮੈਂਟਰੀ ਕਰਨ ਗਏ ਸਾਂ। ਉਦੋਂ ਗਾਇਕ ਜਗਤ ਸਿੰਘ ਜੱਗਾ ਜਿਊਂਦਾ ਸੀ। ਕਿਹਾ ਜਾਂਦਾ ਸੀ ਕਿ ਉਸ ਨੇ ਕਤਲ ਕੇਸ ਵਿਚ ਦਾਰੇ ਪਹਿਲਵਾਨ ਨਾਲ ਫਿਰੋਜ਼ਪੁਰ ਜੇਲ੍ਹ 'ਚ ਕੈਦ ਕੱਟੀ ਸੀ। ਉਹ ਚਿੱਟਾ ਚਾਦਰਾ, ਚਿੱਟਾ ਕੁੜਤਾ ਤੇ ਚਿੱਟੀ ਟੌਰੇ ਵਾਲੀ ਪੱਗ ਬੰਨ੍ਹ ਕੇ ਚਿਮਟੇ ਨਾਲ ਗਾਇਆ ਕਰਦਾ ਸੀ। ਆਖ਼ਰੀ ਉਮਰੇ ਉਹ ਅਮਰੀਕਾ ਚਲਾ ਗਿਆ ਸੀ। ਉਹ ਵੀ ਸਟੇਜ 'ਤੇ ਆ ਪੁੱਜਾ ਪਰ ਮੈਂ ਉਸ ਨੂੰ ਸਿਆਣ ਨਾ ਸਕਿਆ। ਉੱਦਣ ਉਹ ਚਿੱਟੇ ਚਾਦਰੇ ਤੇ ਚਿੱਟੇ ਕਲੀਆਂ ਵਾਲੇ ਕੁੜਤੇ ਵਿਚ ਨਹੀਂ ਸੀ। ਉਹ ਮੈਨੂੰ ਕਹਿਣ ਲੱਗਾ, "ਪ੍ਰੋਫ਼ੈਸਰ ਸਾਹਿਬ ਮੈਂ ਕਬੱਡੀ 'ਤੇ ਗੀਤ ਲਿਖਿਐ। ਲਓ ਪੜ੍ਹ ਲਓ, ਜੇ ਸਮਾਂ ਮਿਲਿਆ ਤਾਂ ਲੋਕਾਂ ਨੂੰ ਸੁਣਾ ਵੀ ਦੇਵਾਂਗੇ। ਗੀਤ ਦਾ ਮੁਖੜਾ ਸੀ: ਹਟ ਕਬੱਡੀ ਯਾਰਾਂ ਦੀ, ਇਹ ਖੇਡ ਵੱਡੇ ਸਰਦਾਰਾਂ ਦੀ...।

ਮੇਰੀ ਜਾਣਕਾਰੀ ਮੁਤਾਬਿਕ ਕਬੱਡੀ ਦਾ ਉਹ ਪਹਿਲਾ ਗੀਤ ਸੀ ਪਰ ਉਸ ਨੂੰ ਜੱਗਾ ਰਿਕਾਰਡ ਨਾ ਕਰਵਾ ਸਕਿਆ। ਛੇਤੀ ਹੀ ਉਸ ਦਾ ਦੇਹਾਂਤ ਹੋ ਗਿਆ। ਇਸ ਲਈ ਕਬੱਡੀ ਦਾ ਪਹਿਲਾ ਗੀਤ ਮੱਖਣ ਬਰਾੜ ਦੇ ਨਾਂ ਲੱਗ ਗਿਆ ਜੋ 2000 ਦੇ ਆਸ ਪਾਸ ਰਿਕਾਰਡ ਹੋਇਆ:

*ਮੁੰਡੇ ਕੌਡੀ ਖੇਡਣ ਬਈ, ਖੇਡਣ ਵਿਚ*
*'ਖਾੜਿਆਂ ਆ ਕੇ*
*ਚਿਹਰੇ ਦਗਦੇ ਸ਼ੇਰਾਂ ਦੇ, ਰੱਖਦੇ*
*ਡੌਲ਼ਿਆਂ ਨੂੰ ਲਿਸ਼ਕਾ ਕੇ*
*ਦੁਨੀਆਂ ਪਹੁੰਚੀ ਜਾਂਦੀ ਐ, ਦੂਰੋਂ*
*ਨੇੜਿਓਂ ਹੁੰਮ ਹੁੰਮਾ ਕੇ*
*ਸਿੰਗ ਫਸਗੇ ਕੁੰਢੀਆਂ ਦੇ, ਮਿੱਤਰਾ*
*ਬਹਿਜਾ ਗੋਡੀ ਲਾ ਕੇ*
*ਆਹ ਪੁੱਤ ਬਰਾੜਾਂ ਦਾ, ਜੀਹਦਾ ਪਿੰਡ*
*ਹੈ ਬਾਜਾਖਾਨਾ*
*ਗਾਗੋ ਕਹਿੰਦਾ ਕਾਲੇ ਨੂੰ, ਅੱਜ ਨੀ*
*ਛੱਡਣਾ ਕੋਈ ਜੁਆਨਾਂ*
*ਔਹ ਬਾਘਾ ਮੱਲਕਿਆਂ ਦਾ, ਜੱਫੇ*
*ਲਾਉਂਦਾ ਗਰਮੀ ਖਾ ਕੇ*
*ਸਿੰਗ ਫਸਗੇ ਕੁੰਢੀਆਂ ਦੇ...*
*ਔਹ ਮਾਰਨ ਥਾਪੀਆਂ ਬਈ, ਤੋਚੀ*
*ਲੱਖਾ ਜਵਾਹਰਾ ਲਾਲੀ*
*ਲੋਕੀਂ ਗੱਲਾਂ ਕਰਦੇ ਆ, ਭੀਮਾ ਮੰਦਰ*
*ਮੁੜਨ ਨਾ ਖਾਲੀ*
*ਔਹ ਵੈੱਲੀ ਭੱਜ ਤੁਰਿਆ, ਜੀਤੇ ਮੌੜ*
*ਨਾ ਪੰਗਾ ਪਾ ਕੇ*
*ਸਿੰਗ ਫਸਗੇ ਕੁੰਢੀਆਂ ਦੇ...*

ਇਸ ਪਿੱਛੋਂ ਕਬੱਡੀ ਦੇ ਦਰਜਨਾਂ ਗੀਤ ਰਿਕਾਰਡ ਹੋਏ। 'ਚੁੰਘਦੇ ਆ ਬੂਰੀਆਂ ਤੇ ਖੇਡਦੇ ਕਬੱਡੀਆਂ' ਤੋਂ ਲੈ ਕੇ 'ਜੁਗਾਂ ਜੁਗਾਂ ਤੋਂ ਕਰਨ ਪੰਜਾਬੀ, ਪਿਆਰ ਕਬੱਡੀ ਨੂੰ' ਤਕ। ਜਿਸ ਖੇਡ ਦੇ ਗੀਤ ਚੱਲ ਪੈਣ ਉਹਦੀ ਹਰਮਨ ਪਿਆਰਤਾ ਦਾਕੋਈ ਹੱਦ ਬੰਨਾ ਨਹੀਂ ਰਹਿੰਦਾ। ਕਬੱਡੀ ਮੇਲਿਆਂ ਵਿਚ ਕੁਮੈਂਟੇਟਰਾਂ ਦਾ ਆਪਣਾ ਰੋਲ ਹੁੰਦਾ ਹੈ ਤੇ ਮਨੋਰੰਜਨ ਕਰਨ ਵਾਲਿਆਂ ਦਾ ਆਪਣਾ। ਮੱਖਣ ਬਰਾੜ ਦਾ ਰੋਲ ਆਮ ਕਰ ਕੇ ਮਨੋਰੰਜਨ ਕਰਨ ਦਾ ਹੀ ਰਿਹਾਹੈ। ਇਸ ਗੇੜ ਵਿਚ ਉਸ ਨੇ ਭਾਰਤ ਤੇ ਕੈਨੇਡਾ ਤੋਂ ਬਾਹਰ ਇੰਗਲੈਂਡ, ਜਰਮਨੀ, ਸਵਿਟਰਜ਼ਰਲੈਂਡ, ਹਾਲੈਂਡ, ਫਰਾਂਸ, ਪੋਲੈਂਡ, ਨਾਰਵੇ, ਅਮਰੀਕਾ, ਪਾਕਿ-

## ਪੰਜਾਬੀ ਖੇਡ ਸਾਹਿਤ-43

ਸਤਾਨ, ਡੁਬਈ, ਆਬੂਧਾਬੀ, ਆਸਟ੍ਰੇਲੀਆ, ਨਿਊਜ਼ੀਲੈਂਡ, ਹਾਂਗਕਾਂਗ ਤੇ ਸਿੰਗਾਪੁਰ ਦੇ ਪੰਜਾਬੀ ਮੇਲਿਆਂ ਵਿਚ ਰੌਣਕਾਂ ਲਾਈਆਂ ਹਨ।



ਮੱਖਣ ਬਰਾੜ

ਮੱਖਣ ਬਰਾੜ ਵਾਂਗ ਪੰਜਾਬ ਦੇ ਕਬੱਡੀ ਵਰਲਡ ਕੱਪ-2010 ਵਿਚਭਗਵੰਤ ਮਾਨ ਵੀ ਸਾਡੀ ਕੁਮੈਂਟੇਟਰਾਂ ਦੀ ਟੀਮ ਵਿਚ ਸ਼ਾਮਲ ਸੀ। ਉਦੋਂ ਉਹ ਸਿਆਸੀ ਨੇਤਾ ਨਹੀਂ, ਕੇਵਲ ਕਮੇਡੀਅਨ ਸੀ। ਉਸ ਨੂੰ ਭੀੜਾਂ ਖਿੱਚਣ ਲਈ ਹੀ ਬਾਦਲ ਸਰਕਾਰ ਨੇ ਲੱਖਾਂ ਦੀ ਸਾਈ ਦੇ ਕੇ ਸੱਦਿਆ ਸੀ। ਕਬੱਡੀ ਬਾਰੇ ਜਾਣਕਾਰੀ ਦੇਣ ਮੈਂ ਉਸ ਨੂੰ ਕਿਤਾਬ 'ਕਬੱਡੀ ਕਬੱਡੀ ਕਬੱਡੀ' ਭੇਟ ਕੀਤੀ। ਉਸਨੇ ਕਮੇਡੀ ਵਾਲੀ ਕੁਮੈਂਟਰੀ ਨਾਲ ਸਟੇਡੀਅਮ ਵਿਚ ਬੈਠੇਤੇ ਟੀਵੀ ਵੇਖਦੇ ਲੱਖਾਂ ਕਰੋੜਾਂ ਦਰਸ਼ਕਾਂ ਦਾ ਮਨੋਰੰਜਨ ਜੁ ਕਰਨਾ ਸੀ। ਉਹਫਿਰਇਹੋ ਜਿਹੇ ਟੋਟਕੇ ਸੁਣਾਉਣ ਲੱਗਾ: ਹਰ ਤਰਫ਼ ਯਹੀ ਅਫ਼ਸਾਨੇ ਹੈਂ, ਹਮ ਕੌਡ-ਕਬੱਡੀਕੇ ਦੀਵਾਨੇ ਹੈਂ। ਪੈਂਦੀਆਂ ਕਬੱਡੀਆਂ ਨੇ ਚੜ੍ਹ-ਚੜ੍ਹ ਕੇ, ਲੋਕੀਂ ਦੇਖਦੇ ਨੇ ਦੂਰੋਂ ਖੜ੍ਹ-ਖੜ੍ਹ ਕੇ। ਵਿਚ ਮੈਦਾਨੇ ਭਿੜਨਾ ਕੰਮ ਹੈ ਹੁੰਦਾ ਸ਼ੇਰਾਂ ਦਾ, ਖੇਡ ਕਬੱਡੀ ਖੇਡਣਾ ਸ਼ੌਕ ਪੰਜਾਬੀ ਸ਼ੇਰਾਂ ਦਾ। ਚੌਕੇ ਛਿੱਕੇ ਭੁੱਲੇ ਕੌਡੀ ਦੀ ਗੱਲ ਚਲਦੀ, ਆਈਪੀਐੱਲ ਤਾਂਹੋ ਗਈ ਯਾਰੋ ਗੱਲ ਕੱਲ੍ਹ ਦੀ। ਖੇਡ ਕਬੱਡੀ ਦੇਖਣ ਲੋਕੀਂ ਛੱਤਾਂ ਤੋਂ ਲਮਕਣਗੇ, ਧੋਨੀ ਸਚਿਨ ਵਾਂਗੂੰ, ਮੰਗੀ ਬੱਗਾ ਬਿੱਟੂ ਦੁੱਲਾ ਚਮਕਣਗੇ...। ਮੈਚ ਤੋਂ ਪਹਿਲਾਂ, ਮੈਚ ਦੀ ਬਰੇਕ ਸਮੇਂ ਤੇ ਮੈਚ ਤੋਂ ਪਿੱਛੋਂ ਮਾਈਕ ਉਹਦੇ ਹੱਥ ਹੁੰਦਾ ਸੀ। ਮੱਖਣ ਬਰਾੜ ਨੂੰ ਵੀ ਅਸੀਂ ਉਦੋਂ ਹੀ ਮਾਈਕ ਫੜਾਉਂਦੇ ਜਦੋਂ ਮੈਚ ਰੁਕਦਾ ਤਾਂ ਜੋ ਦਰਸ਼ਕ ਹਿੱਲਣ ਨਾ। ਉਹ ਕੋਈ ਨਵਾਂ ਲਿਖਿਆ ਸ਼ਿਅਰ ਸੁਣਾਉਂਦਾ ਤੇ ਸਰੋਤਿਆਂ ਦੀ ਮੰਗ 'ਤੇ ਪੁਰਾਣੇ ਵੀ ਦੁਹਰਾਉਂਦਾ। ਏਨੇ ਨਾਲ ਕੁਮੈਂਟੇਟਰ ਨੂੰ ਦਮ ਮਿਲ ਜਾਂਦਾ।

ਮੱਖਣ ਬਰਾੜ ਦਾ ਜਨਮ ਪਿੰਡ ਮੱਲਕੇ ਜ਼ਿਲ੍ਹਾ ਮੋਗਾ ਵਿਚ ਪਿਤਾ ਪੂਰਨ ਸਿੰਘ ਤੇ ਮਾਤਾ ਨਿਹਾਲ ਕੌਰ ਦੇ ਘਰ 3 ਜਨਵਰੀ 1949 ਨੂੰ ਹੋਇਆ ਸੀ। ਉਹਦੀ ਮਾਂ ਕਹਿੰਦੀ ਹੁੰਦੀ ਸੀ, 'ਹੱਲਿਆਂ ਵਾਲੇ ਸਾਲ' ਤੋਂ ਡੂਢ ਸਾਲ ਪਿੱਛੋਂ ਜੰਮਿਆਂ ਸੀ। ਗ਼ੌਰ ਕਰਨ ਵਾਲੀ ਗੱਲ ਹੈ ਕਿ 'ਆਜ਼ਾਦੀ' ਵਾਲੇ ਸਾਲ ਨੂੰ ਕੋਈ 'ਹੱਲਿਆਂ ਵਾਲਾ ਸਾਲ', ਕੋਈ 'ਰੌਲ਼ਿਆਂ ਵਾਲਾ ਸਾਲ' ਤੇ ਕੋਈ 'ਉਜਾੜੇ ਵਾਲਾਸਾਲ' ਕਹਿੰਦਾ ਹੈ। ਉਦੋਂ ਦਸ ਲੱਖ ਪੰਜਾਬੀ 'ਆਜ਼ਾਦੀ' ਦੀ ਭੇਟ ਚੜ੍ਹੇ ਸਨ। 1947 ਦਾ ਸਾਲ ਪੰਜਾਬੀਆਂ ਤੇ ਬੰਗਾਲੀਆਂ ਲਈ 'ਆਜ਼ਾਦੀ' ਦਾ ਘੱਟ ਪਰ 'ਬਰਬਾਦੀ' ਦਾਵੱਧ ਸਾਲਸਾਬਤ ਹੋਇਆ। ਇਕੋ ਬੋਲੀ ਤੇ ਇਕੋ ਸਭਿਆਚਾਰ ਸੰਗ ਜਿਉਂਦੇ ਕਰੋੜਾਂ ਲੋਕਾਂ ਨੂੰ ਉਹਨਾਂ ਦੀ ਮਰਜ਼ੀ ਦੇ ਉਲਟ ਧਿੰਗੋਜ਼ੋਰੀ ਨਿਖੇੜ ਦਿੱਤਾ ਗਿਆ। ਹਾਕਮਾਂ ਨੇ ਰਾਜ ਗੱਦੀਆਂ ਲਈ ਲੋਕ ਧਰਮਾਂ ਦੇ ਨਾਂ 'ਤੇ ਨਾ ਸਿਰਫ਼ ਆਪਸ ਵਿਚ ਵੰਡੇ ਬਲਕਿ ਇਕ ਦੂਜੇ ਦੇ ਦੁਸ਼ਮਣ ਬਣਾ ਦਿੱਤੇ। ਨਵੇਂ ਹਾਕਮਾਂ ਨੇ ਵੀ ਇਸ ਪਾੜੇ ਨੂੰ ਮੇਟਣ ਦੀ ਥਾਂ ਹੋਰ ਡੂੰਘਾ ਹੀ ਕੀਤਾ। ਪਾੜਾ ਮੇਟਣ ਲਈਮੱਖਣ ਬਰਾੜ ਵਰਗੇ ਗੀਤਕਾਰ ਨੂੰ ਆਪਣੇ ਗੀਤ ਵਿਚ ਪੁਕਾਰ ਕਰਨੀ ਪਈ: ਸੁਖੀ ਵਸੇ ਕਸ਼ਮੀਰ, ਮੁੱਕੇ ਰੇੜਕਾ ਪਸ਼ੌਰ ਦਾ, ਕਰੀਂ ਕਿਤੇ ਮੇਲ ਰੱਬਾ! ਦਿੱਲੀ ਤੇ ਲਾਹੌਰ ਦਾ...।

ਇਹ ਗੀਤਰਿਕਾਰਡ ਕਰਾਉਣ ਵਾਲਾ ਗਿੱਲ ਹਰਦੀਪ, ਢੁੱਡੀਕੇ ਕਾਲਜ ਵਿਚ ਪੜ੍ਹਨ ਵੇਲੇ ਮੇਰੇ ਰਜਿਸਟਰ 'ਚ ਹਰਦੀਪ ਸਿੰਘਲਿਖਿਆ ਹੁੰਦਾ ਸੀ। ਉਹ ਕੋਕਰੀ ਤੋਂ ਪੜ੍ਹਨ ਆਉਂਦਾ ਸੀ। ਆਪਣੇ ਸਫ਼ਰਨਾਮੇ 'ਫੇਰੀ ਵਤਨਾਂ ਦੀ' ਦਾਇਕ ਕਾਂਡ ਮੈਂ ਉਹਦੇ ਗਾਣੇ ਨਾਲ ਸ਼ੁਰੂ ਕੀਤਾ ਸੀ:

*ਧੁੰਦ ਪੈਂਦੀ ਲੋਹੜੇ ਦੀ ਮੇਰਾ ਅੰਗ ਅੰਗ*
*ਜਾਂਦਾ ਠਰਦਾ*
*ਸੀਟੀ ਮਾਰ ਅਰਜਨਾ ਵੇ ਭੁੱਲਗੀ ਮੋੜ*
*ਗੁਲਾਬੋ ਘਰਦਾ...*

ਗੱਡੀ ਵਿਚ ਉਹਦਾ ਗਾਣਾ ਗੂੰਜ ਰਿਹਾ ਸੀ। ਬਾਹਰ ਧੁੰਦ ਸੀ ਤੇ ਅੰਦਰ ਠਾਰੀ। ਪੋਹ ਦੀ ਠੰਢ 'ਚ ਅੰਗ ਸੱਚੀਮੁੱਚੀਂ ਠਰੀ ਜਾਂਦੇ ਸਨ। ਹਰਦੀਪ ਦੀ ਆਵਾਜ਼ ਵਿਚ ਲੋਹੜੇ ਦਾ ਸੋਜ਼ ਸੀ। ਸਮੇਂ ਤੇ ਸਥਾਨ ਦਾ ਅਜੀਬਮੇਲ ਸੀ। ਸਾਡੀ ਗੱਡੀ ਢੁੱਡੀਕੇ ਤੋਂ ਮੱਦੋਕੇ ਜਾਰਹੀ ਸੀ। ਢੁੱਡੀਕੇ ਦਾ ਕਾਲਜ, ਜਿਥੇ ਮੈਂ ਤੀਹ ਸਾਲ ਪੜ੍ਹਾਇਆ, ਧੁੰਦ ਦੀ ਬੁੱਕਲ ਵਿਚ ਸੁੱਤਾ ਪਿਆ ਸੀ। ਉਹਦੇ ਗੇਟ ਅੱਗੇ ਅਸੀਂ ਕੁਝ ਪਲ ਰੁਕੇ। ਮੈਂ ਸਿਰ ਨਿਵਾ ਕੇ ਸਿਜਦਾ ਕੀਤਾ ਜਿਥੇ 1967 ਤੋਂ 96 ਤਕ ਪੜ੍ਹਾਉਂਦਾ ਰਿਹਾ ਸਾਂ। ਗੀਤ ਲਗਾਤਾਰ ਗੂੰਜੀ ਜਾਂਦਾ ਸੀ, ਸੀਟੀ ਮਾਰ ਅਰਜਨਾ ਵੇ...।

ਮੈਨੂੰ ਹਰਦੀਪ ਨਾਲ ਅਰਜਨ ਵੀ ਯਾਦ ਆ ਗਿਆ। ਕੌਂਕਿਆਂ ਦਾ ਅਰਜਨ ਕਬੱਡੀ ਦਾ ਤਕੜਾ ਧਾਵੀ ਸੀਜਿਸ ਨੇ ਆਪਣੀ ਖੇਡ ਦੀਆਂ ਧੁੰਮਾਂ ਵਲਾਇਤਾਂ ਤਕ ਜਾ ਪਾਈਆਂ ਸਨ। ਹਰਦੀਪ ਗਾਉਣ ਲੱਗਾ ਰੋਡਵੇਜ਼ ਦੀ ਲਾਰੀ ਦੀਆਂ ਨਕਲਾਂ ਲਾਇਆ ਕਰਦਾ ਸੀ ਜਿਹੜੀ ਮਸਾਂ ਸਟਾਰਟ ਹੁੰਦੀ ਸੀ। ਉਹ ਮੂੰਹ ਨਾਲ ਹੀ ਕੰਡਕਟਰ ਦੀ ਸੀਟੀ ਵਜਾਉਂਦਾ ਤੇ ਰੇਸ ਘਟਾਉਂਦਾ ਵਧਾਉਂਦਾ। ਉਦੋਂ ਕਿਸੇ ਦੇ ਖ਼ਾਬ ਖ਼ਿਆਲ ਵਿਚ ਵੀ ਨਹੀਂ ਸੀ ਕਿ ਉਹ ਕਹਿੰਦਾ ਕਹਾਉਂਦਾ ਗਾਇਕ ਬਣੇਗਾ। ਆਹ ਜਿਹੜਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਿਆ ਹੈ ਇਹਦੇ ਪਿੱਛੇ 'ਕਰੀਂ ਕਿਤੇ ਮੇਲ ਰੱਬਾ' ਵਰਗੇ ਗੀਤਾਂ ਦਾ ਵੀ ਯੋਗਦਾਨ ਹੈ।

ਗਿੱਲ ਹਰਦੀਪ ਜਦੋਂ 'ਮਨ ਵਿਚ ਵਸਣੈ, ਵਸਣੈ ਵੇ ਰਹਿਣੈਂ ਅੱਖੀਆਂ ਤੋਂ ਦੂਰ, ਤੂੰ ਕੀ ਜਾਣੇ, ਸੱਜਣਾ ਮੈਂ ਐਥੇ ਕਿੰਨੀ ਮਜਬੂਰ... ' ਗਾ ਰਿਹਾ ਹੁੰਦੈ ਤਾਂ ਜਾਪਦੈ ਜਿਵੇਂ ਦਿਲਸ਼ਾਦ ਅਖ਼ਤਰ ਮੁੜ ਜਿਉਂ ਪਿਆ ਹੋਵੇ। ਉਹਦਾਮੁਹਾਂਦਰਾ ਦਿਲਸ਼ਾਦ ਅਖ਼ਤਰ ਨਾਲ ਮਿਲਦਾ ਜੁਲਦਾ ਹੈ ਅਤੇ ਆਵਾਜ਼ ਵੀ। ਉਂਜ ਵੀ ਉਹਦੇ ਗਾਇਕੀ ਦੇ ਮਾਡਲ ਆਲਮ ਲੁਹਾਰ, ਸ਼ੌਕਤ ਅਲੀ ਤੇ ਦਿਲਸ਼ਾਦ ਅਖ਼ਤਰ ਹੀ ਹਨ। ਪਿਛਲੇ ਕਈ ਸਾਲਾਂ ਤੋਂ ਗਿੱਲ ਹਰਦੀਪ ਤੇ ਮੱਖਣ ਬਰਾੜ 'ਕੱਠੇ ਪ੍ਰੋਗਰਾਮ ਪੇਸ਼ ਕਰਦੇ ਆ ਰਹੇ ਹਨ। ਮੱਖਣ ਬਰਾੜ ਦੇ ਗੀਤ ਬੇਸ਼ਕ ਗੁਰਦਾਸ ਮਾਨ, ਹੰਸ ਰਾਜ ਹੰਸ, ਮਲਕੀਤ ਸਿੰਘ, ਸਰਬਜੀਤ ਚੀਮਾ, ਮੰਡੇਰ ਬ੍ਰਦਰਜ਼, ਅੰਗਰੇਜ਼ ਅਲੀ, ਸਤਵਿੰਦਰ ਬੁੱਗਾ, ਰਾਜ ਬਰਾੜ, ਬਲਬੀਰ ਚੋਟੀਆਂ, ਬੱਬੂ ਗੁਰਪਾਲ, ਲਾਭ ਹੀਰਾ, ਜਗਤਾਰ ਬਰਾੜ ਤੇ ਗੁਰਤੇਜ ਵਰਗਿਆਂ ਨੇ ਵੀ ਗਾਏ ਹਨ ਪਰ ਸਭ ਤੋਂ ਵੱਧ ਗਿੱਲ ਹਰਦੀਪ ਨੇ ਹੀ ਗਾਏ ਹਨ: ਕਰੀਂ ਕਿਤੇ ਮੇਲ ਰੱਬਾ, ਚੋਰਾਂ ਦੇ ਵੱਸ ਪੈ ਕੇ ਭਾਰਤ ਮਾਂ ਕੁਰਲਾਉਂਦੀ ਐ, ਹਾੜ੍ਹੇ ਲਾਂਘਾ ਖੋਲ੍ਹ ਦਿਓ ਬਾਬੇ ਦੇ ਖੇਤਾਂ ਨੂੰ ਆਦਿ।

ਮੱਖਣ ਬਰਾੜ ਦੱਸਦਾ ਹੈ: ਇਕ ਵਾਰ ਗਿੱਲ ਹਰਦੀਪ ਕੈਨੇਡਾ ਵਿਚ ਮੇਰਾ ਗੀਤ 'ਕਰੀਂ ਕਿਤੇ ਮੇਲ ਰੱਬਾ ਦਿੱਲੀ ਤੇ ਲਾਹੌਰ ਦਾ' ਗਾ ਰਿਹਾ ਸੀ। ਉਥੇ ਇਕ ਪਾਕਿਸਤਾਨੀ ਭਰਾ ਕਹਿਣ ਲੱਗਾ, ਮੈਂ ਗੀਤ ਲਿਖਣ ਵਾਲੇ ਨੂੰ ਵੀ ਇਨਾਮ ਦੇਣਾ। ਉਸ ਨੇ ਮੇਰੀ ਨਾਂਹ-ਨੁੱਕਰ ਦੇ ਬਾਵਜੂਦ ਮੈਨੂੰ ਇਕ ਹਜ਼ਾਰ ਡਾਲਰ ਦਾ ਇਨਾਮ ਦਿੱਤਾ। ਇਕ ਵਾਰ ਮੈਂ ਮੁੰਬਈ ਗਿਆ। ਉਥੇ ਇਕ ਫੰਕਸ਼ਨ ਵਿਚ ਧਰਮਿੰਦਰ, ਸੁਨੀਲ, ਕਪੂਰ ਫੈਮਲੀ, ਕਾਦਰ ਖਾਨ, ਬਲਦੇਵ ਖੋਸਾ ਤੇ ਹੋਰ ਪੰਜਾਬੀ ਕਲਾਕਾਰ ਆਏ ਸਨ। 'ਆਪਣਾ ਪੰਜਾਬ ਹੋਵੇ' ਗੀਤ ਚੱਲਿਆ ਤਾਂ ਉਹਨਾਂ ਨੇ ਨੋਟਾਂ ਨਾਲ ਮੇਰੇ ਬੋਝੇ ਭਰ ਦਿੱਤੇ ਬਈ ਗੀਤ ਨਾਲ ਮੁੜ ਕੇ ਪੰਜਾਬ ਵੇਖ ਲਿਆ। ਕਾਦਰ ਖਾਨ ਨੇ 'ਕਰੀਂ ਕਿਤੇ ਮੇਲ ਰੱਬਾ' ਸਣਿਆਂ ਤਾਂ ਨੋਟਾਂ ਦਾ ਰੁੱਗ ਮੇਰੇ ਬੋਝੇ ਵਿਚ ਤੁੰਨ ਦਿੱਤਾ। ਜੇ ਮੈਂ ਗੀਤਾਂ ਵਿਚ ਪੰਜਾਬੀ ਬੋਲੀ ਤੇ ਸਭਿਆਚਾਰ ਨੂੰ ਮਾਣ ਦਿੱਤਾ ਤਾਂ ਪੰਜਾਬੀਆਂ ਨੇ ਵੀ ਮੈਨੂੰ ਮਾਨਾਂ ਸਨਮਾਨਾਂ ਨਾਲ ਲੱਦ ਦਿੱਤਾ।

ਮੱਖਣ ਬਰਾੜ ਦਾ ਪਿੰਡ ਮੱਲਕੇ ਭਾਵੇਂ ਕਿਸੇ ਵੱਡੇ ਸ਼ਹਿਰ ਜਾਂ ਸੜਕ ਨਾਲ ਨਹੀਂ ਲੱਗਦਾ ਪਰ ਉਸ ਦੀ ਮਸ਼ਹੂਰੀ ਬਹੁਤ ਹੈ। ਪਹਿਲਾਂ ਇਹ ਗੁੰਮਨਾਮ ਪਿੰਡ ਸੀ, ਹੁਣ ਗਾਉਣ ਵਾਲਿਆਂ ਦਾ ਪਿੰਡ ਵੱਜਦਾ ਹੈ। ਰਾਜ ਬਰਾੜ, ਰਾਜਿੰਦਰ ਬਰਾੜ ਤੇ ਹੋਰ ਕਈ ਬਰਾੜ ਇਥੋਂ ਦੇ ਗਾਇਕ ਤੇ ਗੀਤਕਾਰ ਹਨ। ਕਬੱਡੀ ਦਾ ਪ੍ਰਸਿੱਧ ਖਿਡਾਰੀ ਦਿਲਬਾਗ ਬਾਘਾ ਵੀ ਮੱਲਕਿਆਂ ਦਾ ਹੈ। ਇਸ ਪਿੰਡ 'ਚਪੰਜਾਬ ਦਾ ਮਰਹੂਮ ਮੁੱਖ ਮੰਤਰੀ ਪਰਤਾਪ ਸਿੰਘ ਕੈਰੋਂ ਵਿਆਹਿਆ ਸੀ। ਕਈਆਂ ਨੂੰ ਹੈਰਾਨੀ ਹੋਵੇਗੀ ਕਿ ਸੌ ਸਾਲ ਪਹਿਲਾਂ ਮਾਝੇ ਦਾਮੁੰਡਾ ਮਾਲਵੇ ਦੀਕੁੜੀ ਨਾਲ ਕਿਵੇਂ ਵਿਆਹਿਆ ਗਿਆ?

ਪਰਤਾਪ ਸਿੰਘ ਕੈਰੋਂ ਦੀ ਪਤਨੀ ਸਰਦਾਰਨੀਰਾਮ ਕੌਰ ਮੱਲਕੇ ਦੇ ਸਧਾਰਨ ਕਿਸਾਨ ਸੰਮਾ ਸਿੰਘ ਬਰਾੜ ਦੀ ਧੀ ਸੀ ਜੋ ਪਿੰਡ ਕੈਰੋਂ ਵਿਖੇ ਕੁੜੀਆਂ ਦੀ ਪਾਠਸ਼ਾਲਾ ਵਿਚ ਪੜ੍ਹੀ ਸੀ। ਉਸ ਨੇ ਮੁੱਢਲੀ ਸਿੱਖਿਆ ਮੱਲਕੇ ਦੇ ਸਫੈਦਪੋਸ਼ ਬਾਬਾ ਸ਼ਾਮ ਸਿੰਘ ਤੋਂ ਲਈ ਸੀ ਜਿਸ ਨੇ ਸੰਮਾ ਸਿੰਘ ਨੂੰ ਕਿਹਾਕਿ ਬੀਬੀ ਪੜ੍ਹਨ ਵਾਲੀ ਹੈ,ਇਸ ਨੂੰ ਦਸਵੀਂ ਤਕ ਜ਼ਰੂਰ ਪੜ੍ਹਾਓ। ਤਿੰਨ ਕੁੜੀਆਂ ਦੇ ਮਾਪੇ ਮਸਾਂ ਮੰਨੇ। ਉਨ੍ਹੀਂ ਦਿਨੀਂ ਪਿੰਡਾਂ ਦੇ ਅਣਪੜ੍ਹ ਮਾਪੇ ਆਪਣੀਆਂ ਕੁੜੀਆਂ ਨੂੰ ਇਸ ਕਰਕੇ ਵੀ ਨਹੀਂ ਸਨ ਪੜ੍ਹਾਉਂਦੇ ਕਿ ਪੜ੍ਹ ਲਿਖ ਕੇ ਮੁੰਡਿਆਂ ਨੂੰ ਚਿੱਠੀਆਂ ਨਾ ਲਿਖਣ ਲੱਗ ਪੈਣ! ਪਰ ਬੀਬੀ ਰਾਮ ਕੌਰ ਨੂੰ ਦੋ ਹੋਰ ਕੁੜੀਆਂ ਨਾਲ ਕੈਰੋਂ ਦੀ ਪਾਠਸ਼ਾਲਾ ਵਿਚ ਪੜ੍ਹਨੇ ਪਾ ਦਿੱਤਾਗਿਆ ਜਿਸ ਨਾਲ ਉਹਦਾ ਰਿਸ਼ਤਾ ਮਾਝੇ ਦੇ ਪੜ੍ਹੇ ਲਿਖੇ ਪਰਿਵਾਰ ਵਿਚ ਹੋ ਗਿਆ। ਪਰਤਾਪ ਸਿੰਘ ਦਾ ਪਿਤਾ ਨਿਹਾਲ ਸਿੰਘ ਉੱਘਾ ਸਮਾਜ ਸੇਵੀ ਸੀ ਜਿਸ ਨੇ ਆਪਣੇ ਪਿੰਡ ਕੈਰੋਂ ਵਿਚ ਕੁੜੀਆਂ ਦੀ ਪੜ੍ਹਾਈ ਲਈ ਪਾਠਸ਼ਾਲਾ ਖੋਲ੍ਹ ਰੱਖੀ ਸੀ। ਉਥੇ ਦੂਰ ਦੂਰ ਤੋਂ ਕੁੜੀਆਂ ਪੜ੍ਹਨ ਆਉਂਦੀਆਂ ਜੋ ਹੋਸਟਲ ਵਿਚ ਰਹਿੰਦੀਆਂ।

ਸਰਦਾਰਨੀ ਰਾਮ ਕੌਰ ਦੀ ਕੁੱਖੋਂ ਦੋ ਪੁੱਤਰਾਂ ਤੇ ਇਕ ਧੀ ਨੇ ਜਨਮ ਲਿਆ। ਬਾਅਦ ਵਿਚ ਪਰਤਾਪ ਸਿੰਘ ਕੈਰੋਂ ਦੀ ਭਤੀਜੀ ਗੁਰਵਿੰਦਰ ਕੌਰ ਪਿੰਡ ਸਰਾਏ ਨਾਗਾ ਦੇ ਕਾਕੇ ਹਰਚਰਨ ਸਿੰਘ ਬਰਾੜ ਨਾਲ ਵਿਆਹੀ ਗਈ ਅਤੇ ਪੋਤਾ ਆਦੇਸ਼ ਪਰਤਾਪ ਸਿੰਘ, ਪ੍ਰਕਾਸ਼ ਸਿੰਘ ਬਾਦਲ ਦੀ ਬੀਬੀ ਪਰਨੀਤ ਕੌਰ ਨਾਲ ਵਿਆਹਿਆ ਗਿਆ। ਮੱਲਕੇ ਤੇ ਸਰਾਏ ਨਾਗਾ ਵਾਲੇ ਬਰਾੜ ਹਨ ਜਦ ਕਿ ਕੈਰੋਂ ਤੇ ਬਾਦਲ ਹੋਰੀਂ ਢਿੱਲੋਂ ਹਨ।

ਮੱਲਕੇ ਦੇ ਬਜ਼ੁਰਗ ਨਿੱਕੇ-ਨਿੱਕੇ ਨਿੱਜੀ ਕੰਮਾਂ ਲਈ ਕੈਰੋਂ ਕੋਲ ਜਾਂਦੇ ਰਹਿੰਦੇ ਸਨ। ਇਕ ਦਿਨ ਕੈਰੋਂ ਨੇ ਕਿਹਾ, "ਮੈਂ ਤੁਹਾਡਾ ਜੁਆਈ ਭਾਈ ਆਂ। ਮੈਥੋਂ ਨਿੱਕੀਆਂ ਸਿਫਾਰਸ਼ਾਂ ਦੀ ਥਾਂ ਕੋਈ ਚੱਜ ਦਾ ਵੱਡਾ ਕੰਮ ਕਰਾਓ ਜੀਹਦਾ ਇਲਾਕੇ ਨੂੰ ਫਾਇਦਾ ਹੋਵੇ। ਫਿਰ ਆਪ ਹੀ ਉਸ ਨੇ ਸਹੁਰੇ ਪਿੰਡਾਂ ਨੂੰ ਪੌਲੀਟੈਕਨਿਕ ਕਾਲਜ ਦੇ ਦਿੱਤਾ ਜੋ ਇਲਾਕੇ ਨੂੰ ਬੜਾ ਰਾਸ ਆਇਆ। ਪਰ ਮੱਖਣ ਬਰਾੜ ਉਹਦੇ ਵਿਚ ਨਹੀਂ ਪੜ੍ਹਿਆ। ਉਸ ਨੇ ਦਸਵੀਂ ਪਾਸ ਕਰ ਕੇ ਮਾਰਕਫੈੱਡ ਵਿਚ ਨੌਕਰੀ ਕਰ ਲਈ। ਫਿਰ ਚੌਦਾਂ ਸਾਲ ਦੀ ਨੌਕਰੀ ਵਿਚਾਲੇ ਛੱਡ ਕੇ 1981 ਵਿਚ ਕੈਨੇਡਾ ਦੀ ਉਡਾਰੀ ਮਾਰ ਲਈ। ਪਹਿਲਾਂ ਵੀਡੀਓ ਸਟੋਰ ਖੋਲ੍ਹਿਆ ਤੇ ਪਿਛੋਂ ਟੈਂਟ ਹਾਊਸ। ਦੋਵੇਂ ਪੁੱਤਰ ਕੰਮ ਧੰਦਿਆਂ 'ਤੇ ਲੱਗੇ ਤਾਂ ਬਰੈਂਪਟਨ ਛੱਡ ਕੇ ਨਿਆਗਰਾ ਚਲਾ ਗਿਆ ਜਿਥੇ ਹੁਣ ਨਿਆਗਰਾ ਫਾਲਜ਼ ਦੇ ਨਜ਼ਾਰੇ ਲੈ ਰਿਹੈ।

ਗੁਰਦਾਸ ਮਾਨ ਨੇ ਲਿਖਿਆ: ਪੰਜਾਬੀ ਸਭਿਆਚਾਰ ਨੂੰ ਆਪਣੀ ਕਲਮ ਰਾਹੀਂ ਲਿਖ ਕੇ ਤੇ ਸਟੇਜਾਂ ਉਪਰ ਬੋਲ ਕੇ ਬਿਆਨ ਕਰਨ ਵਾਲੇ ਦਾ ਨਾਂ ਹੈ ਮੱਖਣ ਬਰਾੜ। ਪੰਜਾਬੀਆਂ ਦਾ ਉਹ ਹਰਮਨ ਪਿਆਰਾ ਸ਼ਾਇਰ ਹੈ। ਮਾਲਵੇ ਦੀ ਸਿੱਧੀ ਪੱਧਰੀ ਬੋਲੀ ਨੂੰ ਬੜੇ ਵਧੀਆ ਅਲੰਕਾਰਾਂ ਵਿਚ ਜੜ ਕੇ ਲਿਖਣਾ ਉਸ ਨੂੰ ਆਉਂਦਾ ਹੈ। ਮੱਖਣ ਬਰਾੜ ਦਾ ਲਿਖਿਆ 'ਆਪਣਾ ਪੰਜਾਬ ਹੋਵੇ' ਲੋਕ ਗੀਤ ਬਣ ਗਿਆ, ਜਿਸ ਨੂੰ ਸੁਣਨ ਦੀ ਫਰਮਾਇਸ਼ ਮੈਨੂੰ ਹਰ ਪ੍ਰੋਗਰਾਮ 'ਤੇ, ਕੈਨੇਡਾ ਹੋਵੇ ਜਾਂ ਪੰਜਾਬ, ਅਮਰੀਕਾ ਹੋਵੇ ਜਾਂ ਇੰਗਲੈਂਡ ਹਰ ਜਗ੍ਹਾ ਆਉਂਦੀ ਰਹਿੰਦੀ ਹੈ। ਮੱਖਣ ਬਰਾੜ ਨਾਲ ਮਿਲਣ ਬੈਠਣ ਦਾ ਮੌਕਾ ਇਥੇ ਪੰਜਾਬ ਵਿਚ ਵੀ ਤੇ ਕੈਨੇਡਾ ਵਿਚ ਵੀ ਮਿਲਦਾ ਰਹਿੰਦਾ ਹੈ। ਇਕ ਸ਼ਾਇਰ ਹੋਣ ਦੇ ਨਾਲ ਉਹ ਹਸਮੁੱਖ ਤੇ ਹਾਜ਼ਰ ਜੁਆਬ ਇਨਸਾਨ ਹਨ। ਆਸ ਕਰਦਾ ਹਾਂ ਕਿ ਮੱਖਣ ਬਰਾੜ ਪੰਜਾਬੀ ਮਾਂ ਬੋਲੀ ਦਾ ਸਿਰ ਨੀਵਾਂ ਨਹੀਂ ਹੋਣ ਦੇਵੇਗਾ। ਆਮੀਨ!


ਹੰਸ ਰਾਜ ਹੰਸ ਨੇ ਲਿਖਿਆ: ਮੈਨੂੰ ਵੀ ਮੱਖਣ ਬਰਾੜ ਦਾ ਲਿਖਿਆ ਗੀਤ ਗਾਉਣ ਦਾ ਮੌਕਾ ਮਿਲਿਆ ਜੋ ਮੇਰੇ ਗਾਏ ਗੀਤਾਂ ਦੀ ਮੁਹਰਲੀ ਕਤਾਰ ਵਿਚ ਆਉਂਦਾ ਹੈ: 'ਇਕ ਵਾਰੀ ਦੇਖਣਾ ਚਾਹੁੰਦਾ ਹਾਂ ਤੇਰਾ ਕਿਹੋ ਜਿਹਾ ਪੰਜਾਬ ਬਿੱਲੋ'। ਉਹਦੇ ਗੀਤਾਂ ਵਿਚ ਪਿੰਡਾਂ ਦੀ ਮਿੱਟੀ ਦੀ ਮਹਿਕ ਅਤੇ ਅੰਤਾਂ ਦਾ ਮੋਹ ਛੁਪਿਆ ਹੁੰਦਾ ਹੈ ਜੋ ਸੁਣਨ ਵਾਲਿਆਂ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ। ਉਸ ਦੇ ਲਿਖੇ ਬੋਲ ਕਦੇ ਪੁਰਾਣੇ ਨਹੀਂ ਹੁੰਦੇ। ਰੱਬ ਕਰੇ ਸਾਡਾ ਵੀਰ ਮੱਖਣ ਬਰਾੜ ਹੋਰ ਬੁਲੰਦੀਆਂ ਛੂਹੇ। ਖੇਡਾਂ ਬਾਰੇ ਲਿਖੇ ਉਹਦੇ ਗੀਤਾਂ ਦੀਆਂ ਕੁਝ ਹੋਰ ਵੰਨਗੀਆਂ:

*ਕੌਡੀ ਖੇਡੀ ਤੇ ਖੇਡਦੇ ਬੜੇ ਦੇਖੇ, ਖੇਡ*
*ਦੇਖੀ ਨੀ ਕਦੇ ਹਰਜੀਤ ਵਰਗੀ*
*ਮੱਖਣ ਬਰਾੜਾ ਉਹ ਮਰੇ ਨੀ ਅਮਰ*
*ਹੋਗੇ ਮੌਤ ਮਾਰਦੀ ਉਨ੍ਹਾਂ ਨੂੰ ਆਪ*
*ਮਰਗੀ...*
*ਗ਼ਲਤੀ ਕਰਦਾ ਨਹੀਂ ਰੈਫਰੀ ਜਾਣ*
*ਬੁੱਝ ਕੇ, ਜੇਕਰ ਹੋਜੇ ਤਾਂ ਓਸ ਨੂੰ ਪੂਰ*
*ਦਿੰਦਾ*
*ਥੱਪੜ ਮਾਰਦਾ ਧੌਲ ਦੀ ਥਾਂ ਜਿਹੜਾ,*
*ਸਿਆਣਾ ਰੈਫਰੀ ਓਸ ਨੂੰ ਘੂਰ ਦਿੰਦਾ*
*ਜਿਹੜੇ ਜਾਫੀ ਨੇ ਮਾਂ ਦਾ ਦੁੱਧ ਪੀਤਾ,*
*ਕੈਂਚੀ ਮਾਰ ਕੇ ਰੇਡਰ ਨੂੰ ਨੂੜ*
*ਦਿੰਦਾ...*
*ਚੋਟੀ ਦਾ ਤੂੰ ਜਾਫੀ ਮਿੱਤਰਾ, ਪਰ*
*ਅਸੀਂ ਲੱਤ ਨੀ ਕਿਸੇ ਨੂੰ ਫੜਨ ਦੇਣੀ*
*ਛਾਤੀ ਜੱਟ ਦੀ ਵਿਚ ਤੂੰ ਵੱਜ ਸਿੱਧਾ,*
*ਧੌਲ ਕੰਨ ਦੇ ਉਤੇ ਨੀ ਜੜਨ ਦੇਣੀ...*
*ਚੱਲਿਆ ਰੇਡਰ ਰੇਡ ਪਾਉਣ ਲਈ,*
*ਮਾਰ ਦਿੱਤੀ ਹੈ ਥਾਪੀ*
*ਧੌਲਾਂ ਧੱਫੇ ਝੱਲਣੇ ਪੈਣੇ, ਹੁਣ ਨੀ*
*ਮਿਲਣੀ ਮਾਫੀ...*
*ਮੈਨੂੰ ਖੁਸ਼ੀ ਹੈ ਮੇਰੇ ਹੀ ਸ਼ਿਅਰ ਪੜ੍ਹ*
*ਕੇ, ਤੋਰੀ ਫੁਲਕਾ ਕਈ ਆਪਣਾ ਤੋਰ*
*ਲੈਂਦੇ*
*ਕੁਮੈਂਟਰੀ ਕਰਦੇ ਕਬੱਡੀ ਦੀ ਕਈ*
*ਬੇਲੀ, ਲਾਈਨਾਂ ਮੇਰੀਆਂ ਤੋੜ-ਮਰੋੜ*
*ਲੈਂਦੇ...*
*ਰੌਲਾ ਪਾ ਕੇ ਖੇਡ ਨਹੀਂ ਜਿੱਤ ਹੁੰਦੀ,*
*ਮੱਖਣ ਬਰਾੜ ਸੱਚੀ ਗੱਲ ਕਹਿ ਗਿਆ*
*ਹੈ...*
*ਨਸ਼ਾ ਕਰ ਕੇ ਜੋ ਖੇਡਦੇ ਖੇਡ ਕੌਡੀ,*
*ਉਨ੍ਹਾਂ ਵੀਰਾਂ ਨੂੰ ਮੇਰੀ ਹੈ ਅਰਜ਼ ਲੋਕੋ*
*ਥੋੜ੍ਹਾ ਟੈਮ ਈ ਨਸ਼ਾ ਹੈ ਕੰਮ ਕਰਦਾ,*
*ਬਣੇ ਜ਼ਿੰਦਗੀ ਭਰ ਲਈ ਮਰਜ਼ ਲੋਕੋ*
*ਨਸ਼ੇ ਵਾਲੇ ਨੂੰ ਲੋਕ ਦੁਰਕਾਰਦੇ ਨੇ,*
*ਨਾਲੇ ਸਿਹਤ ਦਾ ਹੁੰਦਾ ਹੈ ਹਰਜ ਲੋਕੋ*
*ਗੁੱਸਾ ਕਰੋ ਨਾ ਸੁਧਰਜੋ ਵੀਰ ਮੇਰੇ,*
*ਮੱਖਣ ਬਰਾੜ ਦਾ ਕਹਿਣਾ ਫਰਜ਼*
*ਲੋਕੋ...*
*ਵਾਰੇ ਜਾਵਾਂ ਮੈਂ ਉਨ੍ਹਾਂ ਪ੍ਰਮੋਟਰਾਂ ਦੇ,*
*ਖੇਡ ਕਬੱਡੀ ਨੂੰ ਜਿਹੜੇ ਪਿਆਰ ਕਰਦੇ*
*ਜਿਊਂਦੀ ਰੱਖਣ ਨੂੰ ਤੈਨੂੰ ਕਬੱਡੀਏ ਨੀ,*
*ਖਰਚਾ ਤੇਰੇ 'ਤੇ ਲੱਖ ਹਜ਼ਾਰ ਕਰਦੇ*
*ਸਰਵਣ ਸਿੰਘ ਤੇ ਮੱਖਣ ਸਿੰਘ ਜੇਹੇ,*
*ਨਾਲੇ ਸੱਦੇ ਐ ਮੱਖਣ ਬਰਾੜ ਵਰਗੇ...*

---

## ਕੰਡੇ ਦਾ ਕੰਡਾ... ਡਾ ਅਮਰੀਕ ਸਿੰਘ ਕੰਡਾ

## ਜੰਗਲ ਦਾ ਰਾਜਾ



ਜਨਤਾ ਨੂੰ ਪਤਾ ਨਹੀਂ ਕੀ ਸੁੱਝੀ ਉਹਨਾਂ ਨੇ ਜੰਗਲ ਦਾ ਰਾਜਾ ਇਕ ਬਹੁਤ ਹੀ ਫਿੱਟ ਬਾਂਦਰ ਨੂੰ ਬਣਾ ਦਿੱਤਾ । ਹੋਇਆ ਕੀ ਬਈ ਅਗਲੇ ਦਿਨ ਭੇਡ ਦੇ ਲੇਲੇ ਸ਼ੇਰ ਚੱਕ ਕੇ ਲੈ ਗਿਆ ਤੇ ਉਹ ਬਾਂਦਰ ਦੇ ਦਰਬਾਰ ਗਈ ਤੇ ਬੋਲੀ "ਰਾਜਾ ਜੀ ਮੇਰੀਆਂ ਬੱਚੀਆਂ ਨੂੰ ਸ਼ੇਰ ਚੁੱਕ ਕੇ ਲੈ ਗਿਆ ਹੈ ਮੇਰੀ ਮੱਦਦ ਕਰੋ ਮੇਰੇ ਬੱਚੇ..........।"ਉਸ ਭੇਡ ਨੇ ਰੋਂਦੇ ਹੋਏ ਤਰਲੈ ਕਰਦੀ ਹੋਈ ਨੇ ਕਿਹਾ ਬਾਂਦਰ ਵੀ ਪੂਰੇ ਗੁੱਸੇ ਚ ਆਇਆ ਤੇ ਬੋਲਿਆ "ਤੂੰ ਫਿਕਰ ਨਾ ਕਰ ਤੇਰੇ ਬੱਚੇ ਤੈਨੂੰ ਮਿਲ ਜਾਣਗੇ ।" ਬਾਂਦਰ ਨੇ ਸ਼ੇਰ ਦੀ ਗੁਫਾ ਦੇ ਬਾਹਰ ਲੇਲਿਆਂ ਦੀਆਂ ਹੱਡੀਆਂ ਵੇਖੀਆਂ ਤੇ ਬਾਂਦਰ ਇਕ ਦਰੱਖਤ ਤੋਂ ਦੂਜੀ ਦਰੱਖਤ ਤੇ ਛਾਲਾਂ ਮਾਰਨ ਲੱਗਾ ਕਿਤੇ ਇੱਧਰ ਕਿਤੇ ਉਧਰ ਇਸ ਤਰ੍ਹਾਂ ਕਰਦੇ ਚਾਰ ਪੰਜ ਦਿਨ ਲੰਘ ਗਏ ਤਾਂ ਭੇਡ ਨੇ ਰੋਂਦੇ ਹੋਏ ਪੁਛਿਆ "ਰਾਜਾ ਜੀ ਮੇਰੀਆਂ ਬੱਚੀਆਂ ਦਾ ਕੀ ਬਣਿਆ ..? ਤਾਂ ਅੱਗੋਂ ਬਾਂਦਰ ਹੋਰ ਤੇਜ ਛਾਲਾਂ ਮਾਰਨ ਲੱਗ ਪਿਆ ਤੇ ਛਾਲਾਂ ਮਾਰਦਾ ਮਾਰਦਾ ਬੋਲਿਆ "ਸਾਡੀ ਸਰਕਾਰ ਦੀ ਭੱਜ ਦੌੜ ਜਾਰੀ ਹੈ ਕੋਸ਼ਿਸ਼ ਕੀਤੀ ਜਾ ਰਹੀ ਹੈ ਤੂੰ ਵੇਖ ਹੀ ਰਹੀ ਏਂ ਮੈਂ ਉਸ ਦਿਨ ਦਾ ਟਿਕ ਕੇ ਨਹੀਂ ਬੈਠਿਆ ।" ਬਾਂਦਰ ਰਾਜਾ ਜੀ ਨੇ ਛਾਲਾਂ ਮਾਰਨੀਆਂ ਹੋਰ ਤੇਜ ਕਰ ਦਿੱਤੀਆਂ ।

ਇਹ ਸਾਰਾ ਕੁੱਝ ਮੋਗੇ ਵਾਲਾ ਕੰਡਾ ਵੇਖ ਰਿਹਾ ਸੀ । ਉਸਨੇ ਭੇਡ ਨੂੰ ਕਿਹਾ ਤੁਹਾਡਾ ਵੀ ਸਾਡੇ ਬੰਦਿਆਂ ਵਰਗਾ ਹਾਲ ਹੈ ਤੂੰ ਦਾਮਿਨੀ,ਗੁਡੀਆ ਤੇ ਸੈਂਕੜੇ ਹੀ ਬੱਚੀਆਂ ਜਿੰਨਾਂ ਨੂੰ ਆਦਮੀ ਨਾਂ ਦਾ ਰਾਖਸ਼ਸ਼ ਆਪਣੀ ਹਵਸ ਦਾ ਸ਼ਿਕਾਰ ਬਣਾ ਚੁੱਕਾ ਹੈ ਪਰ ਉਹ ਰਾਖਸ਼ਸ਼ ਸ਼ਰੇਆਮ ਘੁੰਮ ਰਹੇ ਨੇ ।"ਤੇ ਉਸਦੇ ਅੱਖਾਂ ਚੋਂ ਹੰਝੂ ਨਿਕਲ ਗਏ ਨਾ ਰੁਕਣ ਵਾਲੇ ਹੁੰਝ ।

1764,ਗੁਰੂ ਰਾਮ ਦਾਸ ਨਗਰ ਨੇੜੇ ਨੈਸਲੇ ਮੋਗਾ-142001-
ਪੰਜਾਬ ਭਾਰਤ ਮੋਬਾਈਲ-098557-35666

---

# ਕਿੱਸਾ ਵਾਜਪਾਈ ਸਰਕਾਰ ਵੇਲੇ 90 ਤੋਂ 190 ਕਰੋੜ ਬਣਨ ਦਾ

-ਸ਼ਾਂਤਾ ਕੁਮਾਰ

ਮੈਨੂੰ 2003 ਵਿੱਚ ਦਿਹਾਤੀ ਵਿਕਾਸ ਮੰਤਰੀ ਬਣਾਇਆ ਗਿਆ ਤਾਂ ਇਸ ਦੇ ਕੁਝ ਦਿਨ ਪਿੱਛੋਂ ਮੈਨੂੰ ਮਿਲਣ ਆਏ ਤਾਮਿਲ ਨਾਡੂ ਦੇ ਦੋ ਪਾਰਲੀਮੈਂਟ ਮੈਂਬਰਾਂ ਨੇ ਕਿਹਾ ਕਿ 'ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ' ਵਿੱਚ ਆਂਧਰਾ ਪ੍ਰਦੇਸ਼ ਨੂੰ 90 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਸਨ, ਪਰ ਮੰਤਰਾਲਾ ਤੋਂ ਜਾਰੀ ਪੱਤਰ ਵਿੱਚ 90 ਕਰੋੜ ਦਾ 190 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਅਤੇ ਤਿੰਨ ਸਾਲਾਂ ਤੋਂ ਉਸ ਨੂੰ ਹਰ ਸਾਲ 100 ਕਰੋੜ ਰੁਪਏ ਵੱਧ ਜਾ ਰਹੇ ਹਨ।

ਉਸ ਦੇ ਦੋਸ਼ ਉੱਤੇ ਮੈਨੂੰ ਬਿਲਕੁਲ ਯਕੀਨ ਨਾ ਹੋਇਆ। ਮੈਂ ਕਿਹਾ, "ਇਹ ਭਾਰਤ ਸਰਕਾਰ ਦਾ ਮੰਤਰਾਲਾ ਹੈ, ਕਿਸੇ ਸੇਠ ਦੀ ਦੁਕਾਨ ਨਹੀਂ, ਜਿੱਥੋਂ 90 ਦੇ ਖੱਬੇ ਪਾਸੇ 1 ਲਾ ਕੇ 190 ਕਰ ਦਿੱਤਾ ਜਾਵੇ।" ਮੇਰੇ ਇਹ ਕਹਿਣਾ ਉੱਤੇ ਬੜੇ ਯਕੀਨ ਨਾਲ ਆਪਣਾ ਦੋਸ਼ ਦੁਹਰਾਉਂਦੇ ਰਹੇ ਅਤੇ ਮੈਂ ਉਨ੍ਹਾਂ ਨੂੰ ਜਾਂਚ ਦਾ ਦਿਲਾਸਾ ਦਿੱਤਾ। ਮੈਂ ਜਦੋਂ ਫਾਈਲਾਂ ਦੇਖੀਆਂ ਤਾਂ ਸਾਰੀ ਗੱਲ ਦਾ ਪਤਾ ਲੱਗਾ। ਗ੍ਰਾਮੀਣ ਸੜਕ ਯੋਜਨਾ ਲਈ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਵਿੱਚ ਹੋਈ ਬੈਠਕ ਵਿੱਚ ਸਾਰੇ ਪ੍ਰਦੇਸ਼ਾਂ ਲਈ ਇਸ ਯੋਜਨਾ ਲਈ ਰਾਸ਼ੀ ਤੈਅ ਕਰ ਦਿੱਤੀ ਗਈ ਸੀ। ਇਸ ਸੂਚੀ ਵਿੱਚ ਸਭ ਤੋਂ ਉਪਰ ਆਂਧਰਾ ਪ੍ਰਦੇਸ਼ ਦਾ ਨਾਂ ਸੀ ਅਤੇ ਉਸਦੇ ਅੱਗੇ 90 ਕਰੋੜ ਰੁਪਏ ਲਿਖਿਆ ਸੀ। ਯੋਜਨਾ ਕਮਿਸ਼ਨ ਦੀ ਫਾਈਲ ਵਿੱਚ ਵੀ 90 ਕਰੋੜ ਸੀ ਪਰ ਮੰਤਰਾਲਾ ਵੱਲੋਂ 190 ਕਰੋੜ ਰੁਪਏ ਭੇਜੇ ਗਏ।

ਪੁੱਛਣ ਉੱਤੇ ਅਧਿਕਾਰੀਆਂ ਨੇ ਕਿਹਾ ਕਿ ਉਹ ਇਸ ਬਾਰੇ ਕੁਝ ਨਹੀਂ ਜਾਣਦੇ। ਮੈਂ ਮੰਤਰਾਲਾ ਦੇ ਅਧਿਕਾਰੀਆਂ ਨੂੰ ਪੁੱਛਿਆ ਕਿ ਜੇ ਲੋਕ ਸਭਾ ਵਿੱਚ ਇਹ ਪੁੱਛਿਆ ਗਿਆ ਕਿ 90 ਕਰੋੜ ਰੁਪਏ ਦੀ ਰਾਸ਼ੀ ਸਾਡੇ ਮੰਤਰਾਲਾ ਤੋਂ ਭੇਜਦੇ ਸਮੇਂ 190 ਕਰੋੜ ਰੁਪਏ ਕਿੰਝ ਕਰ ਦਿੱਤੀ ਤਾਂ ਮੈਂ ਕੀ ਉੱਤਰ ਦਵਾਂਗਾ? ਸਾਰੇ ਅਫਸਰ ਚੁੱਪ ਬੈਠੇ ਰਹੇ। ਪਾਰਲੀਮੈਂਟਰੀ ਕਾਰਜ ਮੰਤਰੀ ਪ੍ਰਮੋਦ ਮਹਾਜਨ ਮੇਰੇ ਨੇੜਲੇ ਮਿੱਤਰ ਸਨ। ਮੈਂ ਸਿੱਧਾ ਫਾਈਲ ਲੈ ਕੇ ਉਨ੍ਹਾਂ ਦੇ ਕੋਲ ਗਿਆ। ਉਹ ਬਹੁਤ ਯੋਗ ਅਤੇ ਤੇਜ਼ ਪ੍ਰਤਿਭਾ ਦੇ ਮਾਲਕ ਸਨ। ਫਾਈਲ ਦੇਖ ਕੇ ਅਤੇ ਮੇਰੀ ਗੱਲ ਸੁਣ ਕੇ ਉਨ੍ਹਾਂ ਨੇ ਮੇਰਾ ਹੱਥ ਫੜਿਆ। ਫਾਈਲ ਬੰਦ ਕੀਤੀ ਅਤੇ ਬੋਲੇ, "ਮੈਂ ਸਭ ਸਮਝ ਗਿਆ। ਇਸ ਵਿੱਚ .... ਦਾ ਹੱਥ ਹੈ। ਚਿੰਤਾ ਛੱਡੋ ਅਤੇ ਇਹ ਸਭ ਭੁੱਲ ਜਾਓ।" ਇਹ ਸੁਣ ਕੇ ਮੈਂ ਹੋਰ ਚਿੰਤਤ ਹੋ ਗਿਆ। ਮੈਂ ਕਿਹਾ, "ਜੇ ਪਾਰਲੀਮੈਂਟ ਵਿੱਚ ਸਵਾਲ ਉਠੇਗਾ ਤਾਂ ਮੈਂ ਕੀ ਉਤਰ ਦਵਾਂਗਾ। ਮੇਰੇ ਮੰਤਰਾਲੇ ਵੱਲੋਂ ਬਿਨਾਂ ਕਿਸੇ ਫੈਸਲੇ ਦੇ ਕਿਸੇ ਪ੍ਰਦੇਸ਼ ਨੂੰ 100 ਕਰੋੜ ਰੁਪਏ ਵੱਧ ਜਾਣਾ ਮੇਰੇ ਤੋਂ ਬਰਦਾਸ਼ਤ ਨਹੀਂ ਹੋਵੇਗਾ। ਮੈਂ ਤਾਂ ਇਸ ਸਾਲ ਸਿਰਫ਼ 90 ਕਰੋੜ ਹੀ ਭੇਜਾਂਗਾ।" ਉਨ੍ਹਾਂ ਨੇ ਮੈਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਅਤੇ ਹੱਸ ਕੇ ਬੋਲੇ, "ਵਿਹਾਰਕ ਬਣੋ, ਐਵੇਂ ਪੰਗਾ ਨਾ ਲਓ।"

ਮੇਰੇ ਮੰਤਰਾਲੇ ਦੇ ਸੈਕਟਰੀ ਨੇ ਯੋਜਨਾ ਕਮਿਸ਼ਨ ਦੇ ਸੈਕਟਰੀ ਨੂੰ ਪੱਤਰ ਲਿਖ ਕੇ ਪੁੱਛਿਆ ਕਿ ਆਂਧਰਾ ਪ੍ਰਦੇਸ਼ ਦੇ ਲਈ 90 ਕਰੋੜ ਦੀ ਥਾਂ 190 ਕਰੋੜ ਕਦੋਂ, ਕਿਸ ਪੱਧਰ ਉੱਤੇ ਅਤੇ ਕਿਸ ਆਧਾਰ ਉੱਤੇ ਹੋਏ। ਉਸ ਸਾਲ ਦੀ ਆਡਿਟ ਰਿਪੋਰਟ ਵਿੱਚ ਵੀ ਪ੍ਰਮੁੱਖ ਤੌਰ ਉੱਤੇ ਦੋਸ਼ ਲੱਗਾ ਕਿ ਸਭ ਗਲਤ ਹੋਇਆ ਹੈ। ਦੂਜੇ ਦਿਨ ਫਾਈਲ ਲੈ ਕੇ ਪ੍ਰਧਾਨ ਮੰਤਰੀ ਜੀ ਕੋਲ ਗਿਆ ਅਤੇ ਉਨ੍ਹਾਂ ਨੂੰ ਕਿਹਾ ਕਿ ਇਸ ਸਾਲ ਮੈਂ ਉਹੀ 90 ਕਰੋੜ ਰੁਪਏ ਭੇਜਾਂਗਾ ਜੋ ਪਹਿਲੀ ਬੈਠਕ ਵਿੱਚ ਤੈਅ ਹੋਇਆ ਸੀ। ਉਹ ਕਹਿਣ ਲੱਗੇ: ਠੀਕ ਹੈ।

ਇਸ ਦੇ ਬਾਰੇ ਹੋਰ ਵੀ ਕਈ ਗੱਲਾਂ ਸਾਹਮਣੇ ਆਉਣ ਲੱਗੀਆਂ। ਮੇਰੇ ਮੰਤਰਾਲਾ ਵਿਚ ਇਸ ਉੱਤੇ ਬਹੁਤ ਚਰਚਾ ਹੋਣ ਲੱਗੀ। ਆਂਧਰਾ ਪ੍ਰਦੇਸ਼ ਵਿੱਚ 100 ਕਰੋੜ ਹਰ ਸਾਲ ਵੱਧ ਜਾ ਰਹੇ ਸਨ। ਕੁਝ ਵੱਡੇ ਠੇਕੇਦਾਰਾਂ ਦਾ ਇਕ ਪ੍ਰਭਾਵਸ਼ਾਲੀ ਧੜਾ ਸੀ। ਉਨ੍ਹਾਂ ਨੇ ਫੈਸਲਾ ਕਰਵਾਇਆ ਸੀ। ਉਹ ਬਹੁਤ ਪ੍ਰੇਸ਼ਾਨ ਹੋਏ। ਮੈਂ ਅਜਿਹੇ ਸਭ ਨਿਹਿਤ ਸਵਾਰਥੀਆਂ ਦੇ ਨਿਸ਼ਾਨੇ ਉੱਤੇ ਆ ਗਿਆ। ਉਨ੍ਹੀਂ ਦਿਨੀਂ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦੀ ਚੋਣਾਂ ਹੋਈਆਂ। ਭਾਜਪਾ ਹਾਰ ਗਈ। ਕੁਝ ਹੋਰ ਪ੍ਰਦੇਸ਼ਾਂ ਵਿੱਚ ਵੀ ਭਾਜਪਾ ਦੀ ਹਾਰ ਹੋਈ। ਪਾਰਟੀ ਬੜੀ ਚਿੰਤਤ ਹੋਈ। ਹਿਮਾਚਲ ਦੀ ਹਾਰ ਦੇ ਸਬੰਧ ਵਿੱਚ ਜਦ ਮੈਨੂੰ ਪੁੱਛਿਆ ਗਿਆ ਤਾਂ ਮੈਂ ਕਿਹਾ, "ਸਾਡੀ ਸਰਕਾਰ ਜਨਤਾ ਦੀਆਂ ਇੱਛਾਵਾਂ ਨੂੰ ਪੂਰਾ ਨਹੀਂ ਕਰ ਸਕੀ, ਇਸ ਲਈ ਹਾਰ ਹੋਈ।"

ਹਿਮਾਚਲ ਸਰਕਾਰ ਉੱਤੇ ਭ੍ਰਿਸ਼ਟਾਚਾਰ ਦੇ ਬਹੁਤ ਦੋਸ਼ ਲੱਗਦੇ ਰਹੇ ਸਨ। ਉਸ ਸਬੰਧ ਵਿੱਚ ਮੈਂ ਕਈ ਵਾਰ ਕੇਂਦਰੀ ਨੇਤਾਵਾਂ ਨੂੰ ਕਿਹਾ ਸੀ। ਮੇਰੇ ਵੱਲੋਂ ਇੱਕ ਅਖ਼ਬਾਰ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਇਹ ਵੀ ਛੱਪ ਗਿਆ ਕਿ ਹਿਮਾਚਲ ਦੀ ਜਨਤਾ ਨੂੰ ਅਜਿਹਾ ਲੱਗਾ ਸੀ ਕਿ ਸਾਡੀ ਪਾਰਟੀ ਸਾਫ-ਸੁਥਰੀ ਸਰਕਾਰ ਨਹੀਂ ਦੇ ਸਕਦੀ।

ਇੱਕ ਦਿਨ ਅਟਲ ਜੀ ਨੇ ਮੈਨੂੰ ਘਰ ਸੱਦਿਆ। ਕਹਿਣ ਲੱਗੇ ਕਿ ਮੇਰੇ ਵਿਰੁੱਧ ਪਰਾਟੀ ਵਿੱਚ ਸ਼ਿਕਾਇਤ ਹੋ ਰਹੀ ਹੈ ਕਿ ਮੈਂ ਆਪਣੀ ਹੀ ਪਾਰਟੀ ਦੀ ਸੂਬਾ ਸਰਕਾਰ ਦੀ ਆਲੋਚਨਾ ਕੀਤੀ ਅਤੇ ਪਾਰਟੀ ਮੇਰੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨੀ ਚਾਹੁੰਦੀ ਹੈ। ਮੈਂ ਉਨ੍ਹਾਂ ਨੂੰ ਇੰਨਾ ਕਿਹਾ, ਚੋਣ ਦੇ ਬਾਅਦ ਮੈਂ ਆਪਣੀ ਪ੍ਰਤੀਕਿਰਿਆ ਜ਼ਰੂਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਮੈਨੂੰ ਇਸ ਸਬੰਧ ਵਿੱਚ ਜ਼ਿਆਦਾ ਸਾਵਧਾਨ ਹੋ ਜਾਣਾ ਚਾਹੀਦਾ ਹੈ।ਕੁਝ ਪ੍ਰਦੇਸ਼ਾਂ ਵਿੱਚ ਪਾਰਟੀ ਦੀ ਹਾਰ ਮਗਰੋਂ ਲੀਡਰਸ਼ਿਪ ਬਦਲਣ ਦੀਆਂ ਸਰਗਰਮੀਆਂ ਚੱਲ ਰਹੀਆਂ ਸਨ। ਇੱਕ ਸੂਬੇ ਵਿੱਚ ਪਾਰਟੀ ਵਿਧਾਇਕਾਂ ਨੇ ਖੁੱਲ੍ਹੇਆਮ ਬੈਠਕ ਕੀਤੀ ਅਤੇ ਗਵਰਨਰ ਨੂੰ ਮਿਲੇ। ਪਾਰਟੀ ਵਿੱਚ ਇਸ ਤਰ੍ਹਾਂ ਦੀਆਂ ਸਰਗਰਮੀਆਂ ਨੂੰ ਰੋਕਣ ਉੱਤੇ ਵਿਚਾਰ ਹੋ ਰਿਹਾ ਸੀ। ਕੁਝ ਨੇੜਲੇ ਮਿੱਤਰਾਂ ਨੇ ਵੀ ਇਹ ਦੱਸਿਆ ਕਿ ਫਲਾਣਾ ..... ਆਗੂ ਉਨ੍ਹਾਂ ਦੇ ਪ੍ਰਦੇਸ਼ ਨੂੰ 100 ਕਰੋੜ ਰੁਪਏ ਘੱਟ ਕਰਨ ਦੇ ਮੇਰੇ ਫੈਸਲੇ ਤੋਂ ਨਾਰਾਜ਼ ਹੈ। ਸੂਬੇ ਦੇ ਕੁਝ ਨੇਤਾ ਵੀ ਇਸ ਬਾਰੇ ਉਨ੍ਹਾਂ ਦੇ ਨਾਲ ਹਨ ਅਤੇ ਮੇਰੇ ਵਿਰੁੱਧ ਅਨੁਸ਼ਾਸਨਹੀਨ ਦਾ ਦੋਸ਼ ਲਗਾਇਆ ਜਾ ਰਿਹਾ ਹੈ। ਸੂਬਾ ਚੋਣਾਂ ਬਾਰੇ ਮੇਰੇ ਬਿਆਨਾਂ ਦੇ ਲਈ ਮੈਨੂੰ ਕਾਰਨ ਦੱਸੋ ਨੋਟਿਸ ਦਿੱਤਾ ਗਿਆ ਹੈ।



# ਬਹਿਬਲ ਕਲਾਂ ਗੋਲੀ ਕਾਂਡ ਦੇ ਕੇਸ ਦੀ ਸੁਣਵਾਈ ਚਾਰ ਜੂਨ ਤੱਕ ਟਲੀ

ਫਰੀਦਕੋਟ, 19 ਮਈ (ਪੋਸਟ ਬਿਊਰੋ)- ਬਹਿਬਲ ਕਲਾਂ ਗੋਲੀ ਕਾਂਡ ਦੀ ਕੱਲ ਇੱਥੇ ਐਡੀਸ਼ਨਲ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਦੀ ਅਦਾਲਤ ਵਿੱਚ ਸੁਣਵਾਈ ਹੋਣੀ ਸੀ, ਪਰ ਕੋਰੋਨਾ ਮਹਾਮਾਰੀ ਦੇ ਕਾਰਨ ਅਦਾਲਤਾਂ ਦਾ ਕੰਮ ਪਹਿਲੀ ਮਈ ਤੋਂ ਮੁਕੰਮਲ ਬੰਦ ਹੋਣ ਕਰ ਕੇ ਇਹ ਸੁਣਵਾਈ ਨਹੀਂ ਹੋ ਸਕੀ। ਅਦਾਲਤ ਨੇ ਅਗਲੀ ਸੁਣਵਾਈ ਚਾਰ ਜੂਨ ਨੂੰ ਤੈਅ ਕੀਤੀ ਹੈ। ਦੋਸ਼ੀਆਂ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਬਹਿਬਲ ਗੋਲੀ ਕਾਂਡ ਵਿੱਚ ਪੇਸ਼ ਹੋਈ ਚਾਰਜਸ਼ੀਟ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ ਅਤੇ ਹਾਈ ਕੋਰਟ ਵਿੱਚ ਇਸ ਕੇਸ ਦੀ ਸੁਣਵਾਈ ਦੋ ਸਤੰਬਰ ਨੂੰ ਹੋਣੀ ਹੈ।

ਵਰਨਣ ਯੋਗ ਹੈ ਕਿ ਬਹਿਬਲ ਗੋਲੀ ਕਾਂਡ ਵਿੱਚ ਚਾਰ ਚਲਾਨ ਪੇਸ਼ ਹੋ ਚੁੱਕੇ ਹਨ ਅਤੇ ਪੰਜਵਾਂ ਚਲਾਨ ਪੇਸ਼ ਹੋਣ ਤੋਂ ਪਹਿਲਾਂ ਜਾਂਚ ਟੀਮ ਦੇ ਮੈਂਬਰ



ਆਈ ਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਆਪਣਾ ਅਸਤੀਫਾ ਦੇ ਗਏ ਸਨ। ਪੰਜਾਬ ਸਰਕਾਰ ਨੇ ਬਹਿਬਲ ਗੋਲੀ ਕਾਂਡ ਦੀ ਜਾਂਚਦੇ ਲਈ ਨਵੀਂ ਤਿੰਨ ਮੈਂਬਰੀ ਟੀਮ ਬਣਾਈ ਹੈ ਜਿਸ ਦੀ ਅਗਵਾਈ ਆਈ ਜੀ ਨੌਨਿਹਾਲ ਸਿੰਘ ਕਰਨਗੇ। ਇਸ ਨਵੀਂ ਜਾਂਚ ਟੀਮ ਵਿੱਚ ਮੁਹਾਲੀ ਦੇ ਐਸ ਐਸ ਪੀ ਸਤਿੰਦਰ ਸਿੰਘ ਅਤੇ ਫਰੀਦਕੋਟ ਦੇ ਐਸ ਐਸ ਪੀ ਸਵਰਨਦੀਪ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਡਾਇਰੈਕਟਰ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਨਵੀਂ ਜਾਂਚ ਟੀਮ ਬਣਾ ਕੇ ਆਦੇਸ਼ ਦਿੱਤੇ ਹਨ ਕਿ ਬਹਿਬਲ ਗੋਲੀ ਕਾਂਡ ਦੀ ਜਾਂਚ ਤੇਜ਼ੀ ਨਾਲ ਕੀਤੀ ਜਾਵੇ ਅਤੇ ਮੁਕੰਮਲ ਹੋਣ ਉੱਤੇ ਇਹ ਰਿਪੋਰਟ ਫਰੀਦਕੋਟ ਦੀ ਅਦਾਲਤ ਵਿੱਚ ਪੇਸ਼ ਕੀਤੀ ਜਾਵੇ। ਸਰਕਾਰ ਦੇ ਇਸ ਫੈਸਲੇ ਪਿੱਛੋਂ ਨਵੀਂ ਟੀਮ ਨੇ ਬਹਿਬਲ ਕਲਾਂ ਗੋਲੀ ਕਾਂਡ ਦੀ ਪੜਤਾਲ ਆਪਣੇ ਹੱਥ ਲੈ ਲਈ ਹੈ।

ਪੰਜਾਬ ਸਰਕਾਰ ਵੱਲੋਂ ਪੰਜਾਬ ਪੁਲਸ ਦੇ ਏ ਡੀ ਜੀ ਪੀ, ਐਲ ਕੇ ਯਾਦਵ ਦੀ ਅਗਵਾਈ ਹੇਠ ਬਣੀ ਵਿਸ਼ੇਸ਼ ਜਾਂਚ ਟੀਮ ਨੇ ਕੋਟਕਪੂਰਾ, ਬਹਿਬਲ, ਬੁਰਜ ਜਵਾਹਰ ਸਿੰਘ ਵਾਲਾ ਤੇ ਬਰਗਾੜੀ ਦਾ ਦੌਰਾ ਕਰਨ ਪਿੱਛੋਂ ਇਸ ਗੋਲੀ ਕਾਂਡ ਨਾਲ ਜੁੜੇ ਸਾਰੇ ਰਿਕਾਰਡ ਨੂੰ ਜੰਗੀ ਪੱਧਰ ਉਤੇ ਘੋਖਣਾ ਸ਼ੁਰੂ ਕਰ ਦਿੱਤਾ ਹੈ। ਕੋਟਕਪੂਰਾ ਗੋਲੀ ਕਾਂਡ ਵਿੱਚ ਨਵੀਂ ਚਾਰਜਸ਼ੀਟ ਅਦਾਲਤ ਵਿੱਚ ਜਲਦੀ ਆਉਣ ਦੀ ਸੰਭਾਵਨਾ ਹੈ। ਇਸ ਸਬੰਧੀ ਜਾਂਚ ਟੀਮ ਨੇ ਚੰਡੀਗੜ੍ਹ ਵਿੱਚ ਲਾਅ ਅਫਸਰਾਂ ਅਤੇ ਹੋਰ ਉਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਅਗਲੀ ਰਣਨੀਤੀ ਬਣਾਈ ਹੈ।

# ਕੋਰੋਨਾ ਮਰੀਜ਼ ਦੀ ਮੌਤ ਪਿੱਛੋਂ ਹਸਪਤਾਲ ਨੇ 9.50 ਲੱਖ ਰੁਪਏ ਬਿੱਲ ਬਣਾ ਧਰਿਆ

ਬਠਿੰਡਾ, 19 ਮਈ (ਪੋਸਟ ਬਿਊਰੋ)- ਮਾਨਸਾ ਰੋਡ ਉੱਤੇਇੱਕ ਨਿੱਜੀ ਹਸਪਤਾਲ ਵਿੱਚ ਕੋਰੋਨਾ ਮਰੀਜ਼ ਦੀ ਮੌਤ ਮਗਰੋਂ ਹੰਗਾਮਾ ਹੋ ਗਿਆ। ਇਲਾਜ ਦੌਰਾਨ 37 ਸਾਲਾ ਕੋਰੋਨਾ ਪਾਜ਼ੀਟਿਵ ਮਰੀਜ਼ ਦੀ ਮੌਤ ਹੋ ਗਈ ਤਾਂ ਹਸਪਤਾਲ ਨੇ ਇਲਾਜ ਦੇ ਲਈ ਸਾਢੇ ਨੌਂ ਲੱਖ ਰੁਪਏ ਦਾ ਬਿੱਲ ਬਣਾ ਦਿੱਤਾ। ਪਰਵਾਰ ਨੇ ਪੰਜ ਲੱਖ ਤੀਹ ਹਜ਼ਾਰ ਰੁਪਏ ਜਮ੍ਹਾਂ ਕਰਵਾਏ ਅਤੇ ਇੱਕ ਲੱਖ ਰੁਪਏ ਪਲਾਜ਼ਮਾ ਦੇ ਵੱਖਰੇ ਦਿੱਤੇ ਸਨ। ਹਸਪਤਾਲ ਨੇ ਬਕਾਇਆ ਰਾਸ਼ੀ ਜਮ੍ਹਾਂ ਕਰਵਾਉਣ ਦੇ ਲਈ ਕਿਹਾ ਅਤੇ ਲਾਸ਼ ਅਤੇ ਮੌਤ ਦਾ ਸਰਟੀਫਿਕੇਟ ਦੇਣ ਤੋਂ ਮਨ੍ਹਾ ਕਰ ਦਿੱਤਾ ਸੀ।

ਜਦ ਸ਼ਹਿਰ ਦੇ ਧਾਰਮਿਕ, ਸਮਾਜਕ ਤੇ ਕਿਸਾਨ ਸੰਗਠਨਾਂ ਨੂੰ ਇਸ ਦੀ ਜਾਣਕਾਰੀ ਮਿਲੀ ਤਾਂ ਉਨ੍ਹਾਂ ਨੇ ਹਸਪਤਾਲ ਦੇ ਬਾਹਰ ਵਿਰੋਧ ਕੀਤਾ ਅਤੇ ਅਣਮਿੱਥੇ ਸਮੇਂ ਲਈ ਧਰਨੇ ਦੀ ਚਿਤਾਵਨੀ ਦਿੱਤੀ। ਇਸ ਦੇ ਬਾਅਦ ਹਸਪਤਾਲ ਬਕਾਇਆ ਮੁਆਫ ਕਰਨ ਅਤੇ ਲਾਸ਼ ਦੇਣ ਨੂੰ ਤਿਆਰ ਹੋ ਗਿਆ। ਪੀੜਤ ਪਰਵਾਰ ਨੇ ਦੱਸਿਆ ਕਿ ਗੌਰਵ ਸ਼ਰਮਾ ਬਠਿੰਡਾ ਵਿੱਚ ਗੈਸ ਪਾਈਪਲਾਈਨ ਪਾਉਣ ਦਾ ਕੰਮ ਕਰਦੀ ਗੁਜਰਾਤੀ ਕੰਪਨੀ ਵਿੱਚ ਤੈਨਾਤ ਸੀ। ਇਹ ਪਰਵਾਰ ਮੂਲ ਰੂਪ 'ਚ ਉਤਰ ਪ੍ਰਦੇਸ਼ ਦੇ ਮਥਰਾ ਜ਼ਿਲ੍ਹੇ ਦਾ ਹੈ। ਗੌਰਵ ਨੂੰ ਪਿਛਲੇ ਮਹੀਨੇ ਕੋਰੋਨਾ ਹੋ ਗਿਆ ਤੇ 14 ਅਪ੍ਰੈਲ ਨੂੰ ਉਸ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਉਸ ਦੇ ਪਿਤਾ ਅਤੇ ਵੱਡੇ ਭਰਾ ਦੀ ਗੁਰੂਗ੍ਰਾਮ ਦੇ ਇੱਕ ਹਸਪਤਾਲ ਵਿੱਚ ਕੋਰੋਨਾ ਕਾਰਨ ਮੌਤ ਹੋ ਚੁੱਕੀ ਹੈ ਅਤੇ ਮਾਂ ਵੀ ਕੋਰੋਨਾ ਇਨਫੈਕਟਿਡ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਮਜੀਠੀਆ ਕਹਿੰਦੈ: ਬਾਦਲਾਂ ਨੂੰ ਕਿਸੇ ਕਮਿਸ਼ਨ ਜਾਂ ਸਿਟ ਨੇ ਦੋਸ਼ੀ ਨਹੀਂ ਠਹਿਰਾਇਆ

ਚੰਡੀਗੜ੍ਹ, 19 ਮਈ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕੱਲ੍ਹ ਇੱਥੇ ਕਿਹਾ ਕਿ ਕਾਂਗਰਸ ਦੇ ਝੂਠ ਦੇ ਉਲਟ ਜਸਟਿਸ ਰਣਜੀਤ ਸਿੰਘ ਕਮਿਸ਼ਨ ਤੇ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਵਾਲੀ ਐਸ ਆਈ ਟੀ ਵੱਲੋਂ ਦਾਇਰ ਰਿਪੋਰਟ ਵਿੱਚ ਕਦੇ ਵੀ ਓਦੋਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਾਂ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਬੇਅਦਬੀ ਪਿੱਛੋਂ ਹੁੰਦੇ ਰੋਸ ਵਿਖਾਵਿਆਂ ਉੱਤੇ ਪੁਲਸ ਫਾਇਰਿੰਗ ਦਾ ਦੋਸ਼ੀ ਨਹੀਂ ਕਿਹਾ ਗਿਆ, ਸਗੋਂ ਇਨ੍ਹਾਂ ਰਿਪੋਰਟਾਂ ਵਿੱਚ ਪ੍ਰਕਾਸ਼ ਸਿੰਘ ਬਾਦਲ ਜਾਂ ਸੁਖਬੀਰ ਸਿੰਘ ਬਾਦਲ ਨੂੰ ਬੇਅਦਬੀ ਕੇਸ ਜਾਂ ਇਸ ਮਗਰੋਂ ਗੋਲੀ ਕਾਂਡ ਦਾ ਦੋਸ਼ੀ ਠਹਿਰਾਉਣ ਦਾ ਵਿਰੋਧ ਕੀਤਾ ਗਿਆ ਹੈ।

ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਰਿਪੋਰਟਾਂ ਦੀਆਂ ਸਿਫਾਰਸ਼ਾਂ ਵਿੱਚ ਕਿਤੇ ਵੀ ਪ੍ਰਕਾਸ਼ ਸਿੰਘ ਬਾਦਲ ਜਾਂ ਸੁਖਬੀਰ ਬਾਦਲ ਨੂੰ ਕਿਸੇ ਵੀ ਗਲਤ ਕੰਮ ਦਾ ਦੋਸ਼ੀ ਨਹੀਂ ਪਾਇਆ ਗਿਆ। ਉਨ੍ਹਾ ਨੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਆਗੂਆਂ ਨੂੰ ਦਿੱਤੀ ਖੁੱਲ੍ਹੀ ਚੁਣੌਤੀ ਦੁਹਰਾ ਕੇ ਕਿਹਾ ਕਿ ਉਹ ਲੋਕਾਂ ਜਾਂ ਮੀਡੀਆ



ਸਾਹਮਣੇ ਉਹ ਸਬੂਤ ਪੇਸ਼ ਕਰਨ, ਜਿਨ੍ਹਾਂ ਦਾ ਦਾਅਵਾ ਉਹ ਬੇਅਦਬੀ ਮਾਮਲਿਆਂ ਵਿੱਚ ਅਕਾਲੀ ਆਗੂਆਂ ਖਿਲਾਫ ਸਬੂਤ ਹੋਣ ਬਾਰੇ ਕਰਦੇ ਹਨ।ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਕੋਲ ਇਹ ਸਬੂਤ ਸੀ ਜਾਂ ਹੈ ਤਾਂ ਉਨ੍ਹਾਂ ਕਦੇ ਖਾਲਸਾ ਪੰਥ, ਐਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਜਾਂ ਅਦਾਲਤ ਸਾਹਮਣੇ ਪੇਸ਼ ਕਿਉਂ ਨਹੀਂ ਕੀਤੇ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ, ਮੰਤਰੀ ਸੁੱਖੀ ਰੰਧਾਵਾ, ਚਰਨਜੀਤ ਸਿੰਘ ਚੰਨੀ ਤੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਖਾਲਸਾ ਪੰਥ ਤੇ ਨਿਆਂ ਪਾਲਿਕਾ ਨੂੰ ਜਵਾਬਦੇਹ ਹਨ ਕਿ ਇਨ੍ਹਾਂ ਨੇ ਸਬੂਤ ਛੁਪਾ ਕੇ ਕਿਉਂ ਰੱਖੇ।ਮਜੀਠੀਆ ਨੇ ਇਸ ਮੌਕੇ ਤਸਵੀਰਾਂ ਅਤੇ ਵੀਡੀਓ ਪੇਸ਼ ਕੀਤੇ, ਜਿਨ੍ਹਾਂ ਵਿੱਚ ਨਵਜੋਤ ਸਿੰਘ ਸਿੱਧੂ ਵੀ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੇ ਪੈਰੀਂ ਹੱਥ ਲਾ ਰਹੇ ਸਨ ਅਤੇ ਇਸ ਬਾਰੇ ਨਵਜੋਤ ਸਿੱਧੂ ਦਾ ਸਪੱਸ਼ਟੀਕਰਨ ਵੀ ਮੰਗਿਆ।

# ਬਿਲਡਿੰਗ ਇੰਸਪੈਕਟਰ ਹਰਪ੍ਰੀਤ ਕੌਰ ਪਤੀ ਸਮੇਤ ਰਿਸ਼ਵਤ ਲੈਣ ਲੱਗੀ ਗ੍ਰਿਫ਼ਤਾਰ

ਅੰਮ੍ਰਿਤਸਰ, 19 ਮਈ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਅੰਮ੍ਰਿਤਸਰ ਬਾਰਡਰ ਰੇਂਜ ਨੇ ਨਗਰ ਨਿਗਮ ਦੇ ਬਿਲਡਿੰਗ ਵਿਭਾਗ ਦੀ ਇੱਕ ਮਹਿਲਾ ਇੰਸਪੈਕਟਰ ਹਰਪ੍ਰੀਤ ਕੌਰ ਅਤੇ ਉਸ ਦੇ ਪਤੀ ਪ੍ਰਥਮੇਸ਼ ਉਰਫ਼ ਰਾਹੁਲ ਨੂੰ 1 ਲੱਖ 20 ਹਜ਼ਾਰ ਰੁਪਏ ਰਿਸ਼ਵਤ ਦੇ ਕੇਸ ਵਿੱਚ ਗ੍ਰਿਫ਼ਤਾਰ ਕਰ ਲਿਆ ਹੈ। ਵਰਨਣ ਯੋਗ ਹੈ ਕਿ ਵਿਜੀਲੈਂਸ ਬਿਊਰੋ ਨੇ ਰਿਸ਼ਵਤਖੋਰੀ ਦੇ ਕੇਸ ਵਿੱਚ ਡਾ. ਰਾਜੂ ਚੌਹਾਨ ਨੂੰ ਵੀ ਪਿਛਲੇ ਦਿਨੀਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਸੀ।

ਮਿਲੀ ਜਾਣਕਾਰੀ ਮੁਤਾਬਕ ਸ਼ਿਕਾਇਤਕਰਤਾ ਮਨੋਜ ਛਾਬੜਾ ਨੇ ਵਿਜੀਲੈਂਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਸ ਨੇ ਆਪਣਾ ਇੱਕ ਪਲਾਟ ਦਾ ਕੰਮ ਸ਼ੁਰੂ ਕਰਵਾਇਆ ਸੀ, ਜਿਸ ਦੇ ਉਪਰ ਵਾਲੀ ਮੰਜ਼ਿਲ ਉੱਤੇ ਰਿਹਾਇਸ਼ ਅਤੇ ਹੇਠਾਂ ਤਿੰਨ ਦੁਕਾਨਾਂ ਬਣਾਈਆਂ ਸਨ।



ਇਸ ਨੂੰ ਰੋਕਣ ਲਈ ਨਗਰ ਨਿਗਮ ਵਿਭਾਗ ਦੀ ਇੰਸਪੈਕਟਟਰ ਹਰਪ੍ਰੀਤ ਕੌਰ ਨੇ ਦੋ ਬੇਲਦਾਰ ਰੈਂਕ ਦੇ ਕਾਰਿੰਦੇ ਪਵਨ ਕੁਮਾਰ ਅਤੇ ਸੰਜੀਵ ਕੁਮਾਰ ਭੇਜੇਤੇ ਕੰਮ ਰੁਕਵਾ ਦਿੱਤਾ। ਉਕਤ ਕਾਰਿੰਦੇ ਉਸਦੀ ਬਿਲਡਿੰਗ ਦੇ ਕੰਮ ਲਈਪਿਆ ਸਾਮਾਨ ਵੀ ਉਥੋਂ ਉਠਾ ਕੇ ਲੈ ਗਏ। ਜਦੋਂ ਸ਼ਿਕਾਇਤ ਕਰਤਾ ਛਾਬੜਾ ਨੇ ਆਪਣੇ ਗੁਆਂਢ ਰਹਿ ਚੁੱਕੇ ਇੰਸਪੈਕਟਰ ਹਰਪ੍ਰੀਤ ਕੌਰ ਦੇ ਪਤੀ ਪ੍ਰਥਮੇਸ਼ ਮੋਹਨ ਨਾਲ ਸੰਪਰਕ ਕੀਤਾ ਤਾਂ ਉਸ ਨੇ ਇਸ ਦੀ 1 ਲੱਖ ਰੁਪਏ ਰਿਸ਼ਵਤ ਦੀ ਗੱਲ ਕੀਤੀ ਅਤੇ ਕਿਹਾ ਕਿ ਇਸ ਰਿਸ਼ਵਤ ਦੇ ਨਾਲ-ਨਾਲ 20 ਹਜ਼ਾਰ ਰੁਪਏ ਵਾਧੂ ਦੇਣੇ ਹੋਣਗੇ ਅਤੇ ਜਿਸ ਵਿਅਕਤੀ ਨੇ ਇਸ ਦੀ ਸ਼ਿਕਾਇਤ ਕੀਤੀ ਹੈ, ਉਸ ਨੂੰ ਵੀ ਚੁੱਪ ਕਰਵਾਉਣਾ ਹੋਵੇਗਾ। ਸ਼ਿਕਾਇਤਕਰਤਾ ਨੇ ਇਸ ਰਕਮ ਨੂੰ 50-50 ਹਜ਼ਾਰ ਕਿਸ਼ਤਾਂ ਵਿੱਚ ਦੇਣ ਦਾ ਵਾਅਦਾ ਕੀਤਾ ਅਤੇ ਜਦੋਂ ਉਹ ਇੰਨੇ ਪੈਸੇ ਦਾ ਪ੍ਰਬੰਧ ਨਾ ਕਰ ਸਕਿਆ ਤਾਂ ਉਹ ਦੁਬਾਰਾ ਇੰਸਪੈਕਟਰ ਹਰਪ੍ਰੀਤ ਕੌਰ ਦੇ ਘਰ ਜਾ ਕੇ ਉਸ ਨੂੰ ਮਿਲਿਆ ਅਤੇ ਰਿਸ਼ਵਤ ਦੀ ਰਕਮ ਵਿੱਚ ਰਿਆਇਤ ਦੀ ਮੰਗ ਕੀਤੀ।ਰਿਸ਼ਵਤ ਦੀ ਰਕਮ ਤੈਅ ਹੋਣ ਦੇ ਬਾਅਦ ਇੱਕ ਵਾਰ ਇੰਸਪੈਕਟਰ ਹਰਪ੍ਰੀਤ ਕੌਰ ਨੇ ਆਪਣੇ ਦੋਵਾਂਕਾਰਿੰਦਿਆਂ ਤੇ ਪਤੀ ਨੂੰ ਉਸਦਾ ਸਾਮਾਨ ਵਾਪਸ ਦੇਣ ਨੂੰ ਕਿਹਾ, ਪਰ ਜਦੋਂ ਫਿਰ ਵੀ ਸਾਮਾਨ ਨਾ ਮਿਲਿਆ ਤਾਂ ਸ਼ਿਕਾਇਤਕਰਤਾ ਨੇ ਦੁਬਾਰਾ ਇੰਸਪੈਕਟਰ ਦੇ ਪਤੀ ਨਾਲ ਸੰਪਰਕ ਕੀਤਾ ਅਤੇ ਇਸ ਵਿੱਚ 10 ਹਜ਼ਾਰ ਰੁਪਏ ਰਿਸ਼ਵਤ ਘੱਟ ਕਰਨ ਦੀ ਗੱਲ ਕੀਤੀ।ਇਸ ਵਿੱਚ ਸ਼ਿਕਾਇਤ ਕਰਤਾ ਤੇ ਇੰਸਪੈਕਟਰ ਹਰਪ੍ਰੀਤ ਕੌਰ ਦੇ ਪਤੀ ਦੀ ਕਈ ਵਾਰ ਫ਼ੋਨ ਉੱਤੇ ਗੱਲਬਾਤ ਹੋਈ, ਜਿਸ ਦੀ ਰਿਕਾਰਡਿੰਗ ਵਿੱਚ ਪੂਰੀ ਗੱਲ ਸਾਹਮਣੇ ਆਈ ਤੇ ਸ਼ਰਤਾਂ ਦੇ ਆਧਾਰ ਉੱਤੇ ਮਹਿਲਾ ਇੰਸਪੈਕਟਰ ਦੇ ਪਤੀ ਨੇ ਰਕਮ ਲੈਣ-ਦੇਣ ਦੀ ਗੱਲਬਾਤ ਦੁਬਾਰਾ ਨਿਸ਼ਚਿਤ ਕਰ ਕੇ ਉਸ ਦਾ ਸਾਮਾਨ ਵੀ ਵਾਪਸ ਕਰ ਦਿੱਤਾ।ਐਸ ਐਸ ਪੀ ਵਿਜੀਲੈਂਸ ਅੰਮ੍ਰਿਤਸਰ ਰੇਂਜ ਪਰਮਪਾਲ ਸਿੰਘ ਨੇ ਦੱਸਿਆ ਕਿ ਵਿਭਾਗ ਨੇ ਇਸ ਕੇਸ ਵਿੱਚ ਇੰਸਪੈਕਟਰ ਹਰਪ੍ਰੀਤ ਕੌਰ ਅਤੇ ਉਸ ਦੇ ਪਤੀ ਪ੍ਰਥਮੇਸ਼ ਮੋਹਨ ਨੂੰ ਭ੍ਰਿਸ਼ਟਾਚਾਰ ਦੇ ਨਿਯਮਾਂ ਹੇਠ ਗ੍ਰਿਫ਼ਤਾਰ ਕਰ ਲਿਆ ਹੈ।

## ਕੋਰੋਨਾ ਨਾਲ ਪੰਜਾਬ ਦੇ ਹਾਲਾਤ ਖ਼ਰਾਬ ਹੋਣ ਬਾਰੇ ਹਾਈ ਕੋਰਟ ਵੱਲੋਂ ਸੁਣਵਾਈ

ਚੰਡੀਗੜ੍ਹ, 19 ਮਈ (ਪੋਸਟ ਬਿਊਰੋ)- ਕੋਰੋਨਾ ਮਹਾਂਮਾਰੀ ਨਾਲ ਜੁੜੇ ਕੇਸ ਦੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਸੁਣਵਾਈ ਦੌਰਾਨ ਏਮੀਕਸ ਕਿਊਰੀ ਰੁਪਿੰਦਰ ਖੋਸਲਾ ਨੇ ਕੋਰਟ ਨੂੰ ਦੱਸਿਆ ਕਿ ਪੰਜਾਬ ਵਿੱਚ ਹਾਲਾਤ ਬੇਹੱਦ ਖ਼ਰਾਬ ਹਨ ਅਤੇ ਇਸ ਸੰਬੰਧ ਵਿੱਚ ਬਣਦੇ ਉਚਿਤ ਕਦਮ ਨਹੀਂ ਚੁੱਕੇ ਜਾ ਰਹੇ।

ਪੰਜਾਬ ਸਰਕਾਰ ਦੇ ਵਕੀਲ ਨੇ ਦੱਸਿਆ ਕਿ ਰਾਜ ਵਿੱਚ 2500 ਸਿਹਤ ਤੇ ਵੈਲਨੈਸ ਸੈਂਟਰ ਚੱਲ ਰਹੇ ਹਨ। ਇੱਕ ਸਰਕਾਰੀ ਬੈਠਕ ਵਿੱਚ ਇੱਕ ਮਤੇ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਸ ਵਿੱਚ ਆਂਗਣਵਾੜੀ ਤੇ ਹੋਰ ਵਿਭਾਗਾਂ ਦੇ ਮੁਲਾਜ਼ਮਾਂ ਨੂੰ ਹੋਮ ਆਈਸੋਲੇਸ਼ਨ ਅਤੇ ਕੰਟੋਨਮੈਂਟ ਜ਼ੋਨ ਵਾਲੇ ਮਰੀਜ਼ਾਂ ਦੀ ਨਿਗਰਾਨੀ ਲਈ ਲਾਇਆ ਜਾਵੇਗਾ। ਇਹ ਪਿੰਡਾਂ ਵਿੱਚ ਵੀ ਕੰਮ ਕਰਨਗੇ। ਕੇਂਦਰ ਵੱਲੋਂ ਪੇਸ਼ ਐਡੀਸ਼ਨਲ ਸੋਲੀਸਿਟਰ ਜਨਰਲ ਆਫ਼ ਇੰਡੀਆ ਸੱਤਪਾਲ ਜੈਨ ਨੇ ਦੱਸਿਆ ਕਿ ਦੋਵੇਂ ਰਾਜਾਂ ਅਤੇ ਚੰਡੀਗੜ੍ਹ ਵਿੱਚ ਮਹਾਂਮਾਰੀ ਨਾਲ ਨਜਿੱਠਣ ਲਈ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਮੁਤਾਬਕ 675 ਵੈਂਟੀਲੇਟਰ ਪੰਜਾਬ ਨੂੰ, 548 ਹਰਿਆਣਾ ਨੂੰ ਅਤੇ 65 ਚੰਡੀਗੜ੍ਹ ਨੂੰ ਦਿੱਤੇ ਜਾ ਚੁੱਕੇ ਹਨ। ਜੇ ਕਿਸੇ ਵੈਂਟੀਲੇਟਰ ਦੇ ਖ਼ਰਾਬ ਹੋਣ ਦੀ




ਗੱਲ ਆਉਂਦੀ ਹੈ ਤਾਂ ਤੁਰੰਤ ਬਣਦੀ ਕਾਰਵਾਈ ਕੀਤੀ ਜਾਂਦੀ ਹੈ।

ਆਪਣੇ ਘਰੇ ਕੁਆਰੰਟੀਨ ਵਿੱਚ ਰਹਿੰਦੇ ਕੋਰੋਨਾ ਮਰੀਜ਼ਾਂ ਦੀ ਟੈਲੀ-ਕੰਸਲਟੈਂਸੀ ਦਾ ਮੁੱਦਾ ਵੀਹਾਈ ਕੋਰਟ ਵਿੱਚ ਚੁੱਕਿਆ ਗਿਆ, ਜਿਸ ਉੱਤੇ ਕੇਂਦਰ ਨੇ ਸਬੰਧਤ ਮੰਤਰਾਲੇ ਨਾਲ ਇਸਦੀ ਚਰਚਾ ਕਰਨ ਦਾ ਭਰੋਸਾ ਦਿੱਤਾ। ਇਸ ਕੇਸ ਦੀ ਅਗਲੀ ਸੁਣਵਾਈ 21 ਮਈ ਨੂੰ ਹੋਵੇਗੀ। ਏਮੀਕਸ ਕਿਊਰੀ ਨੇ ਕਿਹਾ ਕਿ ਪਿੰਡਾਂ ਦੇ ਹਾਲਾਤ ਬੇਹੱਦ ਖ਼ਰਾਬ ਹਨ ਅਤੇ ਉਥੇ ਸਿਹਤ ਸੁਵਿਧਾਵਾਂ ਵਧਾਉਣ ਦੀ ਸਖ਼ਤ ਲੋੜ ਹੈ। ਹਰਿਆਣਾ ਸਰਕਾਰ ਵੱਲੋਂ ਐਡੀਸ਼ਨਲ ਚੀਫ ਸੈਕਟਰੀ ਰਾਜੀਵ ਅਰੋੜਾ ਦਾ ਐਫੀਡੇਵਿਟ ਪੇਸ਼ ਕੀਤਾ ਗਿਆ ਜਿਸ ਵਿੱਚ ਪਿੰਡਾਂ ਲਈ ਚੁੱਕੇ ਜਾ ਰਹੇ ਕਦਮਾਂ ਦੀ ਜਾਣਕਾਰੀ ਦਿੱਤੀ ਗਈ।

# ਨਿਤਿਕਾ ਭੱਲਾ ਬਣੇ ਨਗਰ ਨਿਗਮ ਮੋਗਾ ਦੇ ਮੇਅਰ

## ਪਰਵੀਨ ਕੁਮਾਰ ਸ਼ਰਮਾ ਦੀ ਸੀਨੀਅਰ ਡਿਪਟੀ ਮੇਅਰ ਅਤੇ ਅਸ਼ੋਕ ਧਮੀਜਾ ਦੀ ਡਿਪਟੀ ਮੇਅਰ ਵਜੋਂ ਚੋਣ

ਮੋਗਾ, 19 ਮਈ (ਗਿਆਨ ਸਿੰਘ) ਨਗਰ ਨਿਗਮ ਮੋਗਾ ਦੇ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਹੋਈ, ਜਿਸ ਵਿੱਚ ਨਿਤਿਕਾ ਭੱਲਾ ਨੂੰ ਮੇਅਰ, ਪ੍ਰਵੀਨ ਕੁਮਾਰ ਸ਼ਰਮਾ ਨੂੰ ਸੀਨੀਅਰ ਡਿਪਟੀ ਮੇਅਰ ਅਤੇ ਅਸ਼ੋਕ ਧਮੀਜਾ ਨੂੰ ਡਿਪਟੀ ਮੇਅਰ ਚੁਣ ਲਿਆ ਗਿਆ, ਇਹ ਚੋਣ ਸਰਬਸੰਮਤੀ ਨਾਲ ਹੋਈ।

ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਚੋਣ ਲਈ ਅੱਜ ਹਾਊਸ ਦੀ ਇਕੱਤਰਤਾ ਹੋਈ, ਜਿਸ ਦੌਰਾਨ ਰਾਹੁਲ ਭੰਡਾਰੀ ਡਵੀਜਨਲ ਕਮਿਸ਼ਨਰ ਫਿਰੋਜਪੁਰ ਨੇ ਸਭ ਤੋਂ ਪਹਿਲਾਂ ਨਵੇਂ ਚੁਣੇ ਗਏ ਕੌਂਸਲਰਾਂ ਨੂੰ ਅਹੁਦੇ ਦੀ ਸਹੁੰ ਚੁਕਾਈ, ਜਿਸ ਉਪਰੰਤ ਤਿੰਨੇਂ ਅਹੁਦਿਆਂ ਦੀ ਚੋਣ ਕਰਵਾਈ ਗਈ। ਅੱਜ ਚੋਣ ਮੌਕੇ ਮੋਗਾ ਦੇ ਵਿਧਾਇਕ ਡਾਕਟਰ ਹਰਜੋਤ ਕਮਲ, ਨਗਰ ਨਿਗਮ ਕਮਿਸਨਰ ਅਨੀਤਾ ਦਰਸੀ ਅਤੇ ਸਾਰੇ ਕੌਂਸਲਰ ਵੀ ਹਾਜ਼ਰ ਸਨ।



ਮੇਅਰ ਦੇ ਅਹੁਦੇ ਲਈ ਸ੍ਰੀਮਤੀ ਨਿਤਿਕਾ ਭੱਲਾ ਦਾ ਨਾਮ ਕੌਂਸਲਰ ਜਸਪ੍ਰੀਤ ਸਿੰਘ ਵਿੱਕੀ ਅਤੇ ਕੌਂਸਲਰ ਕੁਲਵਿੰਦਰ ਸਿੰਘ ਗਿੱਲ ਨੇ ਪੇਸ਼ ਕੀਤਾ, ਜਿਸ ਨੂੰ ਸਾਰੇ ਹਾਊਸ ਦੇ 34 ਕੌਂਸਲਰਾਂ ਨੇ ਸਹਿਮਤੀ ਦਿੱਤੀ। ਇਸੇ ਤਰ੍ਹਾਂ ਸੀਨੀਅਰ ਡਿਪਟੀ ਮੇਅਰ ਦੇ ਅਹੁਦੇ ਲਈ ਪ੍ਰਵੀਨ ਕੁਮਾਰ ਸ਼ਰਮਾ ਦਾ ਨਾਮ ਕੌਂਸਲਰ ਜਸਵਿੰਦਰ ਸਿੰਘ ਕਾਕਾ ਅਤੇ ਕੌਂਸਲਰ ਅਮਰਜੀਤ ਸਿੰਘ ਅੰਬੀ ਨੇ ਪੇਸ਼ ਕੀਤਾ। ਜਦਕਿ ਡਿਪਟੀ ਮੇਅਰ ਦੇ ਅਹੁਦੇ ਲਈ ਅਸੋਕ ਧਮੀਜਾ ਦਾ ਨਾਮ ਕੌਂਸਲਰ ਵਿਜੇ ਖੁਰਾਣਾ ਅਤੇ ਕੌਂਸਲਰ ਮਨਦੀਪ ਕੌਰ ਨੇ ਪੇਸ਼ ਕੀਤਾ। ਤੀਰਥ ਰਾਮ ਅਤੇ ਪਾਇਲ ਗਰਗ ਨੂੰ ਐੱਫ ਐਂਡ ਸੀ ਕਮੇਟੀ ਦਾ ਮੈਂਬਰ ਚੁਣਿਆ ਗਿਆ।

ਇਸ ਤੋਂ ਪਹਿਲਾਂ ਹਾਊਸ ਦੀ ਕਾਰਵਾਈ ਸ਼ੁਰੂ ਕਰਦਿਆਂ ਡਵੀਜ਼ਨਲ ਕਮਿਸ਼ਨਰ ਰਾਹੁਲ ਭੰਡਾਰੀ ਨੇ ਸਾਰੇ ਨਵੇਂ ਚੁਣੇ ਗਏ ਕੌਂਸਲਰਾਂ ਨੂੰ ਉਹਨਾਂ ਦੀ ਜਿੱਤ ਦੀ ਵਧਾਈ ਦਿੰਦਿਆਂ ਜੀ ਆਇਆਂ ਨੂੰ ਕਿਹਾ ਅਤੇ ਇਸ ਚੋਣ ਸੰਬੰਧੀ ਸਾਰੇ ਕਾਨੂੰਨੀ ਅਤੇ ਸੰਵਿਧਾਨ ਪੱਖਾਂ ਬਾਰੇ ਜਾਣਕਾਰੀ ਦਿੱਤੀ। ਹਾਊਸ ਦੀ ਕਾਰਵਾਈ ਚਲਾਉਣ ਲਈ ਸਾਰੇ ਕੌਂਸਲਰਾਂ ਨੇ ਪਹਿਲਾਂ ਕੌਂਸਲਰ ਸੁਰਿੰਦਰ ਸਿੰਘ ਗੋਗਾ ਨੂੰ ਸਰਬਸੰਮਤੀ ਨਾਲ ਸਭਾਪਤੀ ਚੁਣਿ-ਆ।

ਮੇਅਰ ਚੁਣੇ ਜਾਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਿਤਿਕਾ ਭੱਲਾ ਨੇ ਕਿਹਾ ਕਿ ਉਹ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਸ਼ਹਿਰ ਦੇ ਵਿਕਾਸ ਲਈ ਉਪਰਾਲੇ ਕਰਨਗੇ। ਉਹਨਾਂ ਦੀ ਪ੍ਰਾਥਮਿਕਤਾ ਬਾਰੇ ਪੁੱਛੇ ਜਾਣ 'ਤੇ ਉਹਨਾਂ ਕਿਹਾ ਕਿ ਉਹ ਸਾਰੇ ਕੌਂਸਲਰਾਂ ਅਤੇ ਅਹੁਦੇਦਾਰਾਂ ਨਾਲ ਮੀਟਿੰਗ ਕਰਨਗੇ, ਇਸ ਦੌਰਾਨ ਜੋ ਮੁੱਦੇ ਪ੍ਰਮੁੱਖ ਹੋਣਗੇ, ਓਹੀ ਉਹਨਾਂ ਦੀ ਪ੍ਰਾਥਮਿਕਤਾ ਹੋਵੇਗੀ। ਉਹਨਾਂ ਕਿਹਾ ਕਿ ਸ਼ਹਿਰ ਦੇ ਸਰਬਪੱਖੀ ਵਿਕਾਸ ਲਈ ਜ਼ਰੂਰੀ ਹਰ ਕੰਮ ਉਹਨਾਂ ਦੀ ਪ੍ਰਾਥਮਿਕਤਾ ਰਹੇਗੀ। ਉਹਨਾਂ ਵਚਨਬੱਧਤਾ ਪ੍ਰਗਟਾਈ ਕਿ ਉਹ ਸ਼ਹਿਰਵਾਸੀਆਂ ਦੀਆਂ ਉਮੀਦਾਂ 'ਤੇ ਖ਼ਰੇ ਉੱਤਰਨਗੇ। ਉਹਨਾਂ ਅੱਗੇ ਕਿਹਾ ਕਿ ਉਹ ਆਪਣੀ ਸਮੁੱਚੀ ਟੀਮ ਨੂੰ ਨਾਲ ਲੈ ਕੇ ਚੱਲਣਗੇ।

ਵਰਕਰ ਦੀ ਲੋੜ

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

ਸੰਪਰਕ: 416-816-1695

# ਕੇਂਦਰੀ ਖੇਤੀਬਾੜੀ ਮੰਤਰੀ ਦੇ ਕਾਫ਼ਲੇ ਦਾ ਕਿਸਾਨਾਂ ਵੱਲੋਂ ਘਿਰਾਓ





ਨਵੀਂ ਦਿੱਲੀ, 19 ਮਈ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰਨ ਵਾਲੇ ਪ੍ਰਦਰਸ਼ਨਕਾਰੀ ਕਿਸਾਨਾਂ ਨੇ ਕੱਲ੍ਹ ਦੁਪਹਿਰੇ ਮੱਧ ਪ੍ਰਦੇਸ਼ ਵਿੱਚ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਦੇ ਕਾਫ਼ਲੇ ਦਾ ਘਿਰਾਓ ਕੀਤਾ। ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਵੀਡੀਓ ਵਿੱਚ ਕਿਸਾਨਾਂ ਨੇ ਤੋਮਰ ਦੇ ਕਾਫ਼ਲੇ ਦਾ ਘਿਰਾਓ ਕਰਦੇ ਹੋਏ ਰੋਸ ਨਾਲ ਕਿਹਾ ਕਿ ਅਧਿਕਾਰੀ ਕਿਸਾਨਾਂ ਨੂੰ ਤੋਮਰ ਨਾਲ ਮੁਲਾਕਾਤ ਦਾ ਸਮਾਂ ਨਹੀਂ ਦੇ ਰਹੇ।

ਇਸ ਮੌਕੇ ਕਿਸਾਨਾਂ ਨੇ ਕਿਹਾ ਕਿ ਜੇ ਦਫ਼ਤਰ ਵਿੱਚ ਨਹੀਂ ਮਿਲਣ ਦਿੱਤਾ ਜਾਣਾ ਤਾਂ ਉਹ ਸੜਕਾਂ ਉੱਤੇ ਇਸ ਤਰ੍ਹਾਂ ਦੀ ਮੁਲਾਕਾਤ ਕਰਨਗੇ। ਕਿਸਾਨਾਂ ਨੇ ਕੇਂਦਰੀ ਮੰਤਰੀ ਅੱਗੇ ਆਪਣੀਆਂ ਮੰਗਾਂ ਦੁਹਰਾ ਕੇ ਤਿੰਨੇ ਖੇਤੀ ਕਾਨੂੰਨ ਰੱਦ ਕਰਨ, ਐਮ ਐਸ ਪੀ (ਫਸਲ ਦੀ ਘੱਟੋ ਘੱਟ ਖਰੀਦ ਕੀਮਤ) ਦੀ ਕਾਨੂੰਨੀ ਵਿਵਸਥਾ ਲਾਗੂ ਕਰਨ ਲਈ ਕਿਹਾ ਹੈ। ਜਿਸ ਵੇਲੇ ਕਿਸਾਨਾਂ ਨੇ ਕੇਂਦਰੀ ਮੰਤਰੀ ਤੋਮਰ ਦਾ ਘਿਰਾਓ ਕੀਤਾ,ਓਦੋਂ ਉਹ ਸ਼ਿਓਪੁਰ ਜ਼ਿਲ੍ਹਾ ਹਸਪਤਾਲ ਵੱਲ ਜਾ ਰਹੇ ਸਨ। ਤੋਮਰ ਨੇ ਕਾਰ ਵਿੱਚ ਬੈਠਿਆਂ ਹੀ ਕੁਝ ਸਮਾਂ ਕਿਸਾਨਾਂ ਨਾਲ ਗੱਲ ਕੀਤੀ ਤੇ ਫਿਰਪੁਲਸ ਨੇ ਕਿਸਾਨਾਂ ਨੂੰ ਪਿੱਛੇ ਹਟਾ ਦਿੱਤਾ। ਇੱਕ ਕਿਸਾਨ ਅਨਿਲ ਸਿੰਘ ਨੇ ਦੱਸਿਆ ਕਿ ਉਹ ਕੇਂਦਰੀ ਮੰਤਰੀ ਤੋਮਰ ਨਾਲ ਮੁਲਾਕਾਤ ਲਈ ਕਈ ਵਾਰ ਪ੍ਰਸ਼ਾਸਨ ਕੋਲ ਮੰਗ ਕਰ ਚੁੱਕੇ ਸਨ, ਪਰ ਉਨ੍ਹਾਂ ਨੂੰ ਆਗਿਆ ਨਹੀਂ ਦਿੱਤੀ ਗਈ। ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੇਂਦਰੀ ਮੰਤਰੀ ਤੋਮਰ ਨੇ ਕਿਹਾ ਕਿ ਖੇਤੀ ਕਾਨੂੰਨਾਂ ਬਾਰੇ ਸਰਕਾਰ ਵੱਲੋਂ ਕਿਸਾਨ ਜਥੇਬੰਦੀਆਂ ਨਾਲ 11 ਵਾਰ ਗੱਲਬਾਤ ਕੀਤੀ ਜਾ ਚੁੱਕੀ ਹੈ ਪਰ ਸਾਡੇ ਕੋਲ ਕਿਸਾਨਾਂ ਦੇ ਰਵੱਈਏ ਦਾ ਕੋਈ ਹੱਲ ਨਹੀਂ ਹੈ।

# ਦੁਨੀਆਂ ਉੱਤੇ ਇਕੱਠੇ ਆਏ ਤੇ ਕੋਰੋਨਾ ਨਾਲ ਲੜਦੇ ਇਕੱਠੇ ਚਲੇ ਗਏ ਜੋੜੇ ਇੰਜੀਨੀਅਰ ਭਰਾ



ਲਖਨਊ, 19 ਮਈ (ਪੋਸਟ ਬਿਊਰੋ)- ਮੇਰਠ ਵਿੱਚ ਸੇਂਟ ਥਾਮਸ ਸਕੂਲ ਦੇ ਟੀਚਰ ਨੂੰ ਕੱਲ੍ਹ ਕੋਰੋਨਾ ਵਾਇਰਸ ਕਾਰਨ ਦੋਹਰਾ ਝਟਕਾ ਲੱਗਾ। ਉਸ ਦੇ ਜੁੜਵਾਂ ਇੰਜੀਨੀਅਰ ਪੁੱਤਰਾਂ ਨੂੰ ਕੋਰੋਨਾ ਦੀ ਲਾਗ ਲੱਗ ਗਈ। ਦੋਵਾਂ ਭਰਾਵਾਂ ਨੇ ਲਾਗ ਤੋਂ ਬਾਅਦ ਵੀ ਕਰੀਬ 22 ਘੰਟੇ ਸੰਘਰਸ਼ ਕੀਤਾ, ਪਰ ਇਨ੍ਹਾਂ ਦਾ ਸੰਘਰਸ਼ ਜ਼ਿਆਦਾ ਨਹੀਂ ਚੱਲ ਸਕਿਆ। ਦੋਵੇਂ ਭਰਾ ਇਕੱਠੇ ਜਨਮੇ, ਪਲੇ ਤੇ ਅੱਗੇ ਵਧੇ। ਇਕੱਠੇ ਹੀ ਇੰਜੀਨੀਅਰ ਬਣੇ ਅਤੇ ਇਕੱਠਿਆਂ ਨੇ ਆਖ਼ਰੀ ਸਾਹ ਲਿਆ।

23 ਅਪ੍ਰੈਲ 1997 ਨੂੰ ਮੇਰਠ ਵਿੱਚਇਕੱਠੇ ਜਨਮ ਲੈਣ ਵਾਲੇ ਜੋਫ੍ਰੇਡ ਵਰਗੀਸ ਗ੍ਰੇਗਰੀ ਅਤੇ ਰਾਲਫ੍ਰੇਡਰ ਜਾਰਜ ਗ੍ਰੇਗਰੀ ਦੇ ਜਨਮ ਉੱਤੇ ਉਨ੍ਹਾਂ ਦੇ ਟੀਚਰ ਪਿਤਾ ਗ੍ਰੇਗਰੀ ਰੇਮੰਡ ਰਾਫੇਲ ਅਤੇ ਮਾਤਾ ਸੋਫਿਆ ਬੇਹੱਦ ਖੁਸ਼ ਸਨ। ਗ੍ਰੇਗਰੀ ਰੇਮੰਡ ਨੇ ਦੱਸਿਆ ਕਿ ਉਹ ਅਤੇ ਉਨ੍ਹਾਂ ਦੀ ਪਤਨੀ ਸੇਂਟ ਥਾਮਸ ਸਕੂਲ ਵਿੱਚ ਪੜ੍ਹਾਉਂਦੇ ਹਨ। ਉਨ੍ਹਾਂ ਦੇ ਦੋਵਾਂ ਬੇਟਿਆਂ ਨੇ ਕੰਪਿਊਟਰ ’ਚ ਬੀ-ਟੈਕ ਦੀ ਪੜ੍ਹਾਈ ਕੀਤੀ ਤੇ ਫਿਰ ਹੈਦਰਾਬਾਦ ਵਿੱਚ ਚੰਗੀਆਂ ਕੰਪਨੀਆਂ ਵਿੱਚ ਦੋਵਾਂ ਦੀ ਨੌਕਰੀ ਲੱਗ ਗਈ। ਦੋਵਾਂ ਬੇਟਿਆਂ ਦੇ ਜਨਮ ਵਿੱਚ ਸਿਰਫ਼ ਤਿੰਨ ਮਿੰਟ ਦਾ ਫਰਕ ਸੀ, ਰਾਲਫ੍ਰੇਡ ਛੋਟਾ ਭਰਾ ਸੀ। ਦੋਵਾਂ ਨੂੰ ਇਕੱਠਿਆਂ 24 ਅਪ੍ਰੈਲ ਨੂੰ ਕੋਰੋਨਾ ਹੋਇਆ ਅਤੇ ਇਸ ਦੌਰਾਨ ਹਫ਼ਤੇ ਤੱਕ ਉਨ੍ਹਾਂ ਨੂੰ ਕੋਰੋਨਾ ਰਿਹਾ। ਕੱਲ੍ਹ ਉਨ੍ਹਾਂ ਦਾ ਦੇਹਾਂਤ ਹੋ ਗਿਆ। ਇਕੱਠੇ ਜਨਮ ਲੈਣ ਵਾਲਿਆਂ ਦੇ ਦੇਹਾਂਤ ਦੇ ਸਮੇਂ ਵਿੱਚ ਇੱਕ ਘੰਟੇ ਦਾ ਫਰਕ ਰਿਹਾ। ਇਸੇ ਸਾਲ 23 ਅਪ੍ਰੈਲ ਨੂੰ ਦੋਵਾਂ ਨੇ ਆਪਣਾ 24ਵਾਂ ਜਨਮ-ਦਿਨ ਮਨਾਇਆ ਸੀ, ਪਰ ਜਨਮ-ਦਿਨ ਤੋਂ ਅਗਲੇ ਦਿਨ ਉਹ ਕੋਰੋਨਾ ਦਾ ਸ਼ਿਕਾਰ ਹੋ ਗਏ ਸਨ ਅਤੇ ਹੁਣ 13-14 ਮਈ ਨੂੰ ਦੋਵਾਂ ਭਰਾਵਾਂ ਨੇ ਦਮ ਤੋੜ ਦਿੱਤਾ।

# ਪਹਿਲਾ ਟੀਕਾ ਲੱਗਣ ਦੇ ਛੇ ਮਹੀਨੇ ਅੰਦਰ ਦੂਸਰੀ ਖ਼ੁਰਾਕ ਪੂਰੀ ਤਰ੍ਹਾਂ ਫ਼ਾਇਦੇ ਮੰਦ

ਨਵੀਂ ਦਿੱਲੀ, 19 ਮਈ (ਪੋਸਟ ਬਿਊਰੋ)- ਭਾਰਤ ਵਿੱਚ ਕੋਵੀਸ਼ੀਲਡ ਟੀਕੇ ਦੀਆਂ ਦੋ ਖੁਰਾਕਾਂ ਵਿਚਕਾਰ ਵਕਫ਼ਾ 12 ਤੋਂ 16 ਹਫ਼ਤੇ ਵਧਾਉਣ ਉੱਤੇ ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਦੀ ਚਿੰਤਾ ਦੀ ਕੋਈ ਜ਼ਰੂਰਤ ਨਹੀਂ ਅਤੇ ਪਹਿਲਾ ਟੀਕਾ ਲੱਗਣ ਦੇ ਛੇ ਮਹੀਨੇ ਦੇ ਅੰਦਰ ਦੂਸਰੀ ਖੁਰਾਕ ਪੂਰੀ ਤਰ੍ਹਾਂ ਫਾਇਦੇਮੰਦ ਹੋਵੇਗੀ।

ਦੋਵਾਂ ਖ਼ੁਰਾਕਾਂ ਵਿਚਕਾਰ ਸਮਾਂ ਵਧਾਉ ਦੀ ਚਿੰਤਾ ਦਾ ਜਵਾਬ ਦਿੰਦਿਆਂ ਇਮਿਊਨੋਲੋਜਿਸਟ ਸਤਿਆਜੀਤ ਰੱਥ ਨੇ ਕਿਹਾ ਕਿ ਟੀਕੇ ਦਾ ਲਾਇਆ ਜਾਣਾ ਕਾਫ਼ੀ ਲਚਕੀਲਾ ਹੈ। ਪਹਿਲੀ ਖ਼ੁਰਾਕ ਮਗਰੋਂ ਇੱਕ ਵਾਰ ਚਾਰ ਹਫ਼ਤੇ ਪੂਰੇ ਹੋਣ ਉੱਤੇ ਛੇ ਮਹੀਨਿਆਂ ਤੱਕ ਅਗਲੀ ਖ਼ੁਰਾਕ ਕਦੇ ਵੀ ਦਿੱਤੀ ਜਾ ਸਕਦੀ ਹੈ। ਵਿਗਿਆਨੀਆਂ ਮੁਤਾਬਕ ਟੀਕੇ ਦੀ ਖ਼ੁਰਾਕ ਸੁਰੱਖਿਅਤ ਹੈ ਅਤੇ ਇਸ ਦਾ ਫਰਕ ਨਹੀਂ ਪੈਂਦਾ ਕਿ ਕਦੋਂ ਦਿੱਤੀ ਹੈ। ਇਸਦਾ ਤਦ ਖਾਸ ਅਸਰ ਨਹੀਂ ਹੋਵੇਗਾ ਜੇਕਰ ਪਹਿਲੀ ਖ਼ੁਰਾਕ ਲੈਣ ਦੇ ਇੱਕ ਮਹੀਨੇ ਵਿੱਚਦੂਜੀ ਖੁਰਾਕ ਦੇ ਦਿੱਤੀ ਜਾਂਦੀ ਹੈ। ਨਵੀਂ ਦਿੱਲੀ ਦੇ ਕੌਮੀ ਇਮਿਊਨੋਲੋਜੀ ਇੰਸਚੀਟਿਊਟ (ਐਨ ਆਈ ਆਈ) ਦੇ ਅਧਿਕਾਰੀ ਰੱਥ ਨੇ ਦੱਸਿਆ ਕਿ ਇਸ ਲਈ ਟੀਕੇ ਦੀ ਖੁ਼ਰਾਕ ਕੋਰੋਨਾ ਤੋਂ ਉਭਰਨ ਜਾਂ ਪਹਿਲੀ ਖੁ਼ਰਾਕ ਲੈਣ ਦੇ ਘੱਟ ਤੋਂ ਘੱਟ ਇੱਕ ਮਹੀਨੇ ਬਾਅਦ ਕਦੇ ਵੀ ਲਈ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਦੂਸਰੇ ਟੀਕੇ ਦੀ ਖੁ਼ਰਾਕ ਪਹਿਲੀ ਖ਼ੁਰਾਕ ਲੈਣ ਦੇ ਛੇ ਮਹੀਨੇ ਦੇ ਅੰਦਰ ਕਿਸੇ ਵੀ ਸਮੇਂ ਦਿੱਤੇ ਜਾਣ ਉੱਤੇ ਚੰਗਾ ਅਸਰ ਵਿਖਾਉਂਦੀ ਹੈ।

# ਮਮਤਾ ਬੈਨਰਜੀ ਵੱਲੋਂ ਪੱਛਮੀ ਬੰਗਾਲ ਦਾ ਗਵਰਨਰ ਬਦਲਣ ਦੀ ਮੰਗ



ਕੋਲਕਾਤਾ, 19 ਮਈ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕੱਲ੍ਹ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਰਾਜ ਵਿੱਚ ਚੰਗੇ ਪ੍ਰਸ਼ਾਸਨ ਲਈ ਗਵਰਨਰ ਨੂੰ ਬਦਲ ਕੀਤਾ ਜਾਵੇ, ਪਰ ਇਸ ਮੰਗ ਨਾਲ ਨਵਾਂ ਵਿਵਾਦ ਪੈਦਾ ਹੋ ਸਕਦਾ ਹੈ।

ਕੱਲ੍ਹ ਤ੍ਰਿਣਮੂਲ ਕਾਂਗਰਸ(ਟੀ ਐਮ ਸੀ) ਦੇ ਆਗੂਆਂ ਦੀ ਸੀ ਬੀ ਆਈ ਵੱਲੋਂ ਕੀਤੀ ਗ੍ਰਿਫਤਾਰੀ ਤੋਂ ਬਾਅਦ ਮੁੱਖ ਮੰਤਰੀ ਨੇ ਇਹ ਪੱਤਰ ਲਿਖਿਆ ਹੈ। ਉਨ੍ਹਾਂ ਕਿਹਾ ਕਿ ਇਹ ਸਾਰਾ ਕੁਝ ਇਹ ਦਿਖਾਉਣ ਲਈ ਕੀਤਾ ਗਿਆ ਹੈ ਕਿ ਪੱਛਮੀ ਬੰਗਾਲ ਵਿੱਚ ਅਮਨ ਤੇ ਕਾਨੂੰਨ ਦੀ ਸਥਿਤੀ ਠੀਕ ਨਹੀਂ ਅਤੇ ਅਜਿਹਾ ਪੇਸ਼ ਕੀਤਾ ਜਾ ਰਿਹਾ ਹੈ ਕਿ ਇੱਥੇ ਪ੍ਰਸ਼ਾਸਨ ਨਾਂਅ ਦੀ ਕੋਈ ਚੀਜ਼ ਨਹੀਂ।ਉਨ੍ਹਾਂ ਕਿਹਾ, ‘ਹਾਲਾਤ ਪੂਰੀ ਤਰ੍ਹਾਂ ਕਾਬੂ ਹੇਠ ਹਨ ਤੇ ਪ੍ਰਸ਼ਾਸਨ ਕੋਵਿਡ-19 ਨਾਲ ਨਜਿੱਠਣ ਰੁੱਝਾਹੋਇਆ ਹੈ।'

# ਨਾਰਾਜ਼ ਹੋਏ ਖੇਡ ਮੰਤਰੀ ਨੇ ਓਲੰਪਿਕ ਦੀ ਮੀਟਿੰਗ ਵਿਚਾਲੇ ਛੱਡੀ



ਨਵੀਂ ਦਿੱਲੀ, 19 ਮਈ (ਪੋਸਟ ਬਿਊਰੋ)- ਭਾਰਤ ਦੇ ਖੇਡ ਮੰਤਰੀ ਕਿਰੇਨ ਰਿਜਿਜੂ ਟੋਕੀਓ ਓਲੰਪਿਕ ਦੀਆਂ ਤਿਆਰੀਆਂ ਬਾਰੇ ਮੀਟਿੰਗ ਲੈ ਰਹੇ ਸਨ। ਇਸ ਵਿੱਚ ਇੰਡੀਅਨ ਓਲੰਪਿਕ ਐਸੋਸੀਏਸ਼ਨ (ਆਈ ਓ ਏ) ਦੇ ਮੁਖੀ ਨਰਿੰਦਰ ਬੱਤਰਾ, ਸਪੋਰਟਸ ਅਥਾਰਟੀ ਆਫ ਇੰਡੀਆ (ਸਾਈ) ਦੇ ਡਾਇਰੈਕਟਰ ਸੰਦੀਪ ਪ੍ਰਧਾਨ, ਐਥਲੈਟਿਕਸ ਐਸੋਸੀਏਸ਼ਨ ਦੇ ਮੁਖੀ ਆਦਿਲੇ ਸੁਮਾਰੀਵਾਲਾ ਆਦਿ ਕਈ ਲੋਕ ਮੌਜੂਦ ਸਨ। ਇਸ ਮੀਟਿੰਗ ਦੌਰਾਨ ਮੰਤਰੀ ਕਿਰਨ ਰਿਜਿਜੂ ਆਈ ਓ ਏ ਮੁਖੀ ਦੀ ਕਿਸੇ ਗੱਲ ਤੋਂ ਨਾਰਾਜ਼ ਹੋ ਗਏ ਅਤੇ ਮੀਟਿੰਗ ਛੱਡ ਕੇ ਚਲੇ ਗਏ।

ਮਿਲੀ ਰਿਪੋਰਟ ਅਨੁਸਾਰ ਇੱਕ ਗਲਤਫਹਿਮੀ ਕਾਰਨ ਦੋਵਾਂ ਦਾ ਵਿਵਾਦ ਹੋਇਆ।ਕੋਰੋਨਾ ਦੇ ਕਾਰਨ ਕਈ ਦੇਸ਼ਾਂ ਵੱਲੋਂ ਭਾਰਤ ਉੱਤੇ ਟ੍ਰੈਵਲ ਬੈਨ ਲਾਇਆ ਹੋਣ ਕਰ ਕੇ ਕਈ ਭਾਰਤੀ ਖਿਡਾਰੀ ਕੁਆਲੀਫਾਈਂਗ ਟੂਰਨਾਮੈਂਟ ਵਿੱਚ ਹਿੱਸਾ ਨਹੀਂ ਲੈ ਸਕੇ। ਮੀਟਿੰਗ ਦਾ ਮੁੱਖ ਮੁੱਦਾ ਇਹੀ ਸੀ। ਖੇਡ ਮੰਤਰੀ ਨੇ ਕਿਹਾ ਕਿ ਨੈਸ਼ਨਲ ਸਪੋਰਟਸ ਫੈਡਰੇਸ਼ਨ ਨੂੰ ਇਸ ਬਾਰੇ ਇੰਟਰਨੈਸ਼ਨਲ ਓਲੰਪਿਕ ਕਮੇਟੀ ਉੱਤੇ ਦਬਾਅ ਪਾਉਣਾ ਚਾਹੀਦਾ ਹੈ, ਕਿਉਂਕਿ ਯਾਤਰਾ ਬੈਨ ਦੇ ਕਾਰਨ ਭਾਰਤੀ ਖਿਡਾਰੀ ਕੁਆਲੀਫਾਈ ਨਹੀਂ ਕਰ ਸਕੇ, ਇਸ ਵਿੱਚ ਖਿਡਾਰੀਆਂ ਦੀ ਕੋਈ ਗਲਤੀ ਨਹੀਂ। ਫੈਡਰੇਸ਼ਨ ਤੇ ਸਪੋਰਟਸ ਅਥਾਰਟੀ ਆਫ ਇੰਡੀਆ (ਸਾਈ) ਨੂੰ ਆਪਸ ਵਿੱਚ ਬਿਹਤਰ ਤਾਲਮੇਲ ਬਣਾਉਣਾ ਚਾਹੀਦਾ ਹੈ ਤਾਂ ਕਿ ਆਈ ਓ ਏ ਨੂੰ ਜ਼ਰੂਰੀ ਜਾਣਕਾਰੀ ਸਹੀ ਸਮੇਂ ਉੱਤੇ ਦਿੱਤੀ ਜਾ ਸਕੇ। ਬੱਤਰਾ ਨੂੰ ਉਨ੍ਹਾਂ ਦਾ ਇਹ ਬਿਆਨ ਸਹੀ ਨਹੀਂ ਲੱਗਾ ਅਤੇ ਉਨ੍ਹਾਂ ਨੇ ਵਿਰੋਧ ਕਰਦੇ ਹੋਏ ਕਿਹਾ: ਮੈਂ ਸਾਰੀਆਂ ਫੈਡਰੇਸ਼ਨਾਂ ਨਾਲ ਸਿੱਧੇ ਸੰਪਰਕ ਵਿੱਚ ਸੀ। ਇਸ ਦੇ ਬਾਅਦ ਖੇਡ ਮੰਤਰੀ ਨੇ ਆਪਣੀ ਪੁਜ਼ੀਸ਼ਨ ਦੱਸੀ ਅਤੇ ਕਿਹਾ ਕਿ ਉਹ ਮੇਰੀ ਗੱਲ ਦਾ ਗਲਤ ਮਤਲਬ ਕੱਢ ਰਹੇ ਹਨ। ਮੈਂ ਖਿਡਾਰੀਆਂ ਦੀ ਭਲਾਈ ਦੀ ਗੱਲ ਕਰ ਰਿਹਾ ਹਾਂ। ਇਸ ਦੇ ਬਾਅਦ ਬੱਤਰਾ ਨੇ ਉਨ੍ਹਾਂ ਤੋਂ ਮੁਆਫੀ ਮੰਗੀ, ਪਰ ਉਹ ਗੁੱਸੇ ਵਿੱਚ ਮੀਟਿੰਗ ਛੱਡ ਕੇ ਚਲੇ ਗਏ।

# ਬੰਗਲਾ ਦੇਸ਼ ਵਿੱਚ ਮਹਿਲਾ ਪੱਤਰਕਾਰ ਪ੍ਰਾਈਵੇਸੀ ਲਾਅ ਦੀ ਉਲੰਘਣਾ ਦੇ ਦੋਸ਼ ਹੇਠ ਗ੍ਰਿਫ਼ਤਾਰ



ਢਾਕਾ, 19 ਮਈ (ਪੋਸਟ ਬਿਊਰੋ)- ਖੋਜੀ ਪੱਤਰਕਾਰਤਾ ਕਰਨ ਲਈ ਮਸ਼ਹੂਰ, ਬੰਗਲਾਦੇਸ਼ ਦੀ ਇੱਕ ਸੀਨੀਅਰ ਮਹਿਲਾ ਪੱਤਰਕਾਰ ਨੂੰ ਕੋਲੋਨੀਅਲ ਦੌਰ ਦੇ ਸਰਕਾਰੀ ਪ੍ਰਾਈਵੇਸੀ ਲਾਅ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਿਸ ਦੇ ਬਾਅਦ ਮਨੁੱਖੀ ਅਧਿਕਾਰ ਵਰਕਰਾਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਸ ਦਾ ਵਿਰੋਧ ਸ਼ੁਰੂ ਕਰ ਦਿੱਤਾ ਹੈ, ਜਿਸ ਬਾਰੇ ਇਹ ਸਾਰੀ ਜਾਣਕਾਰੀ ਕੱਲ੍ਹ ਪੁਲਸ ਨੇ ਦਿੱਤੀ ਹੈ।

ਬੰਗਲਾ ਅਖਬਾਰ ‘ਫਸਟ ਆਲੋ' ਦੀ ਇੱਕ ਸੀਨੀਅਰ ਪੱਤਰਕਾਰ ਰੋਜੀਨਾ ਇਸਲਾਮ ਨੂੰ ਕੱਲ੍ਹ ਸਿਹਤ ਮੰਤਰਾਲੇ ਦੇ ਅਧਿਕਾਰੀਆਂ ਨੇ ਲੱਗਭਗ ਪੰਜ ਘੰਟੇ ਹਿਰਾਸਤ ਵਿੱਚ ਰੱਖਿਆ। ਉਨ੍ਹਾਂ ਉਤੇ ਬਿਨਾਂ ਇਜਾਜ਼ਤ ਦੇ ਇੱਕ ਦਸਤਾਵੇਜ਼ ਦੀ ਫ਼ੋਟੋ ਖਿੱਚਣ ਦਾ ਦੋਸ਼ ਸੀ। ਬਾਅਦ ਵਿੱਚ ਪੁਲਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ।ਪੁਲਸ ਨੇ ਦੱਸਿਆ ਕਿ ਮੰਤਰਾਲੇ ਨੇ 1923 ਦੇ ਸਰਕਾਰੀ ਪ੍ਰਾਈਵੇਸੀ ਲਾਅ ਦੇ ਤਹਿਤ ਉਨ੍ਹਾਂ ਉਤੇ ਅੱਧੀ ਰਾਤ ਦੇ ਕਰੀਬ ਕੇਸ ਦਰਜ ਕਰਾਇਆ ਅਤੇ ਉਨ੍ਹਾਂ ਨੂੰ ਪੁਲਸ ਹਿਰਾਸਤ ਵਿੱਚ ਰਾਤ ਗੁਜ਼ਾਰਨੀ ਪਈ। ਉਨ੍ਹਾਂ ਨੂੰ ਇੱਥੋਂ ਦੀ ਇੱਕ ਅਦਾਲਤ ’ਚ ਪੇਸ਼ ਕੀਤਾ ਗਿਆ ਅਤੇ ਪੰਜ ਦਿਨਾਂ ਦੀ ਹਿਰਾਸਤ ਦੀ ਮੰਗ ਕੀਤੀ ਗਈ, ਜਿਸ ਨੂੰ ਜੱਜ ਨੇ ਰੱਦ ਕਰ ਦਿੱਤਾ ਅਤੇ ਉਸ ਨੂੰ ਜੇਲ੍ਹ ਭੇਜ ਦਿੱਤਾ।

# ਚੀਨੀ ਫੌਜ ਭਾਰਤੀ ਸਰਹੱਦ ਦੇ ਫਿਰ ਨੇੜੇ ਆਈ ਤੇ ਬੰਕਰ ਬਣਾਏ

ਬੀਜਿੰਗ, 19 ਮਈ (ਪੋਸਟ ਬਿਊਰੋ)- ਚੀਨੀ ਫੌਜ ਪੂਰਬੀ ਲੱਦਾਖ ਵਿੱਚ ਇੱਕ ਵਾਰ ਫਿਰ ਗਲਵਾਨ ਘਾਟੀ ਨੇੜੇ ਭਾਰਤੀ ਸਰਹੱਦ ਦੇ ਬਹੁਤ ਕੋਲ ਆ ਗਈ ਹੈ। ਇੱਕ ਨਿਊਜ਼ ਏਜੰਸੀ ਨੇ ਸੂਤਰਾਂ ਦੇ ਹਵਾਲੇ ਨਾਲਇਹ ਗੱਲ ਦੱਸੀ ਹੈ।

ਇਸ ਰਿਪੋਰਟ ਮੁਤਾਬਕ ਇਥੇ ਚੀਨੀ ਫੌਜ ਨੇ ਆਪਣੇ ਖੇਤਰ ਵਿੱਚ ਬੰਕਰ ਵੀ ਬਣਾਏ ਹਨ ਅਤੇ ਕਿਲੇਬੰਦੀ ਵੀ ਕੀਤੀ ਹੈ। ਦੱਸਿਆ ਗਿਆ ਹੈ ਕਿ ਕੋਰੋਨਾ ਦੀ ਦੂਸਰੀ ਲਹਿਰ ਦੇ ਬਾਵਜੂਦ ਭਾਰਤੀ ਫੌਜ ਅਲਰਟ ਹੈ ਅਤੇ ਚੀਨ ਦੀ ਹਰ ਗਤੀਵਿਧੀ ਉਤੇ ਨਜ਼ਰ ਰੱਖ ਰਹੀ ਹੈ। ਚੀਨੀ ਫੌਜ ਅਜੇ ਆਪਣੇ ਇਲਾਕੇ ਵਿੱਚ ਹੈ, ਪਰ ਇਸ ਨੂੰ ਚੀਨੀ ਫੌਜ ਦੀ ਮਹੱਤਵਪੂਰਨ ਗਤੀਵਿਧੀ ਦੱਸਿਆ ਗਿਆ ਹੈ। ਵਰਨਣ ਯੋਗ ਹੈ ਕਿ ਗਲਵਾਨ ਘਾਟੀ ਵਿੱਚ ਪਿਛਲੇ ਸਾਲ ਮਈ ਵਿੱਚ ਚੀਨੀ ਫੌਜ ਇਸੇ ਤਰ੍ਹਾਂ ਆਈ ਅਤੇ ਭਾਰਤੀ ਸਰਹੱਦ ਵਿੱਚ ਵੜਨ ਦੀ ਕੋਸ਼ਿਸ਼ ਕੀਤੀ ਸੀ। ਇਸੇ ਦੌਰਾਨ ਜੂਨ ਵਿੱਚ ਭਾਰਤ ਤੇ ਚੀਨ ਦੇ ਫੌਜੀਆਂ ਦਾ ਟਕਰਾਅ ਹੋਇਆ ਅਤੇ 20 ਭਾਰਤੀ ਫੌਜੀ ਮਾਰੇ ਗਏ ਸਨ। ਚੀਨ ਦੇ ਚਾਲੀ ਤੋਂ ਵੱਧ ਜਵਾਨ ਵੀ ਮਰੇ ਸਨ, ਪਰ ਚੀਨ ਨੇ ਆਪਣੇ ਮਾਰੇ ਗਏ ਫੌਜੀਆਂ ਦੀ ਗਿਣਤੀ ਦਾ ਖੁਲਾਸਾ ਅਧਿਕਾਰਤ ਤੌਰ ਉਤੇ ਨਹੀਂ ਕੀਤਾ ਸੀ।

Century 21
President Realty Inc
Brokerage*
Independently Owned and Operated.



ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ
Jagdish Grewal
Sales Repersentative
Call Now: (416)-970-5005



Sandalwood & Kennedy
ਬਹੁਤ ਹੀ ਖੂਬਸੂਰਤ detached ਘਰ 3 ਬੈੱਡਰੂਮ, 1 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ , ਸਕੂਲ, ਪਬਲਿਕ ਬੱਸ ਸਰਵਿਸ ਅਤੇ ਪਲਾਜ਼ਾ ਦੇ ਨੇੜੇ!



Bramalea & Peter Robertson
3 ਬੈੱਡਰੂਮ semi-detached ਘਰ ਦੇ ਵਿਚਕਾਰ ਬਿਲਟ ਇਨ ਕਿਚਨ ,ਗਰੇਨਾਇਟ ਕਾਉਂਟਰ, ਵੂਲਫ ਗੈਸ ਸਟੋਵ, ਬਹੁਤ ਹੀ ਸੁੰਦਰ ਗਾਰਡਨ ਅਤੇ ਬੈਕਯਾਰਡ ਏਰੀਆ ਪ੍ਰਾਈਮ ਲੋਕੇਸ਼ਨ, ਪਬਲਿਕ ਬੱਸ ਸਰਵਿਸ, ਹਸਪਤਾਲ, ਸਕੂਲ ਅਤੇ ਪਲਾਜ਼ਾ ਦੇ ਨੇੜੇ.



Bovaird & Royal Orchard
3 ਬੈੱਡਰੂਮ ਟਾਊਨ ਹਾਊਸ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਪਹਿਲੀ ਵਾਰ ਘਰ ਖਰੀਦਣ ਵਾਲਿਆ ਲਈ ਵਧੀਆ ਮੌਕਾ



Bovaird & Bramlea Rd
3 +1 ਬੈੱਡਰੂਮ ਘਰ ਵੱਖਰੀ ਐਂਟਰੈਸ ਵਾਲੀ ਬਣੀ ਹੋਈ ਬੇਸਮੈਂਟ,ਵਾਕਆਊਟ ਵੱਡਾ ਯਾਰਡ ,ਨਵੀ ਕਿਚਨ,ਪੋਟ ਲਾਈਟਾਂ,ਫਾਈਰ ਪਲੇਸ



Bovaird & Worthington
4 ਬੈੱਡਰੂਮ, ਡੀਟੈਚਡ ਘਰ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਲੈਂਡਸਕੇਪ ਤੇ ਹਜ਼ਾਰਾਂ ਡਾਲਰ ਖਰਚ ਕੀਤੇ ਹੋਏ ,ਗਰੇਨਾਇਟ ਕਾਉਂਟਰ,ਪੋਟ ਲਾਈਟਾਂ,ਅੱਪਗਰੇਡ ਹਾਰਡਵੁਡ



Pertosa & WillamsParkway
4 +2 ਬੈੱਡਰੂਮ ਡੀਟੈਚਡ ਘਰ ,ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਪ੍ਰਾਈਮ ਲੋਕੇਸ਼ਨ ਅਤੇ ਪਲਾਜ਼ਾ ਦੇ ਨੇੜੇ



Gore & Cotrelle
3 ਬੈੱਡਰੂਮ, ਡੀਟੈਚਡ ਘਰ , 2000 sq.ft ,1 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ ,ਵੱਡਾ ਡੇਕ,ਕਾਫੀ ਅਪਗ੍ਰੇਡ ਕੀਤਾ ਮੋਡਰਨ ਕਿਚਨ ,ਪਾਰਕਿੰਗ ਲਈ ਖੁੱਲਾ ਗੈਰਾਜ



Bovaird & Hwy 410
4 ਬੈੱਡਰੂਮ ਡੀਟੈਚਡ ਘਰ, ਪਬਲਿਕ ਬੱਸ ਸਰਵਿਸ,ਸਕੂਲ,ਪਲਾਜ਼ਾ, 410/407 ਹਾਈਵੇ ਨੇੜੇ, ਅਪਗ੍ਰੇਡ ਕੀਤਾ ਮੌਡਰਨ ਕਿਚਨ

(416) 970-5005 www.vipcondonetwork.com
80 Maritime Ontario Blvd #246 Brampton, ON L6S 0E7 Call: 905-488-2100 Fax : 905-488-2101

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



## Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ਼ੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8", ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7", ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## ਲੜਕੇ ਦੀ ਲੋੜ

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ-Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4", Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

WWW.KULWINDERCHHINA.COM

KULWINDERCHHINA BROKER
647.293.2327

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੇ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ


(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

WANTED
Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

UPPAL LAW

AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters

AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

